੧ ੳ ਸਤਿਗੁਰ ਪ੍ਰਸਾਦਿ ॥

# ਤੇਗ ਬਹਾਦਰ ਸਿਮਰਿਐ


ਲੇਖਕ:-

**ਗਿਆਨੀ ਸੇਵਾ ਸਿੰਘ 'ਸੇਵਕ'**

ਤਰਨ ਤਾਰਨ



ਪ੍ਰਕਾਸ਼ਕ :-

**ਸੁਰਿੰਦਰ ਸਿੰਘ 'ਕੰਵਲ'** ਕਨਵੀਨਰ

ਸ੍ਰੀ ਗੁਰੂ ਤੇਗ ਬਹਾਦਰ ਤੀਜੀ ਸ਼ਹੀਦੀ ਸ਼ਤਾਬਦੀ ਕਮੇਟੀ

ਤਰਨ ਤਾਰਨ (ਅੰਮ੍ਰਿਤਸਰ)



Sri Satguru Jagjit Singh Ji eLibrary NamdhariElibrary@gmail.com

# ਟਰੈਕਟ ਬਾਰੇ

ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' ਬਾਰੇ ਵੱਖ ਵੱਖ ਸੰਮਥਾਵਾਂ ਨੇ ਬਹੁਤ ਕੁਝ ਲਿਖਵਾਇਆ ਤੇ ਛਪਵਾਇਆ ਹੈ। ਵਾਸਤੱਵ ਵਿਚ ਗੁਰੂ ਸਾਹਿਬ ਦੀ ਕੁਰਬਾਨੀ ਜਿਥੇ ਅਲੌਕਿਕ ਅਤੇ ਵਚਿਤੱਰਤਾ ਭਰਪੂਰ ਹੈ ਉਥੇ ਆਧੁਨਿਕ ਯੁੱਗ ਦੀਆਂ ਉਲਝੰਨਾ ਤੇ ਸਮਸਿਆਵਾਂ ਨੂੰ ਸੁਲਝਾਉਣ ਲਈ ਯੋਗ ਸੁਝਾ ਵੀ ਹੈ। ਭਾਰਤ ਵਿਚ ਜੋ ਸੂਬਾ-ਪ੍ਰਸਤੀ ਅਤੇ ਵੱਖ ਵੱਖ ਫਿਰਕਿਆਂ ਦੀਆਂ ਸਮਸਿਆਵਾਂ ਉਭਰ ਰਹੀਆਂ ਹਨ—ਗੁਰੂ ਸਾਹਿਬ ਨੇ ਧਰਮ ਨੂੰ ਬਚਾਉਣ ਲਈ ਆਪਣੀ ਕੁਰਬਾਨੀ ਦੇਕੇ ਅਜ ਤੋਂ 300 ਸਾਲ ਪਹਿਲਾਂ ਸਾਨੂੰ ਉਨ੍ਹਾਂ ਸਮਸਿਆਵਾਂ ਦਾ ਹਲ ਦਸ ਦਿਤਾ ਸੀ। ਇਹ ਹਲ ਸਪਸ਼ਟ ਹੈ ਕਿ ਮੁਖੀ ਨੇਤਾ ਕਿਸੇ ਵੀ ਧਰਮ ਨੂੰ ਜੇਕਰ ਕਿਸੇ ਭਾਂਤ ਦੀ ਢਾਹ ਲਗਦੀ ਹੈ ਤਾਂ ਧਰਮ ਦੀ ਰਖਿਆ ਲਈ ਆਪਣੀ ਕੁਰਬਾਨੀ ਦੇਵੇ।

ਇਸ ਮਹਾਨ ਗੁਰੂ ਦੀ ਮਹਾਨ ਤਿੰਨ ਸੌ ਸਾਲਾ ਸ਼ਤਾਬਦੀ ਮਨਾਉਣ ਦੇ ਕੁਝ ਕੁ ਨਿਮਾਣੇ ਜਹੇ ਉਪਰਾਲੇ ਕੀਤੇ ਗਏ ਹਨ, ਨਗਰ ਕੀਰਤਨ, ਕੀਰਤਨ ਦਰਬਾਰ, ਨਾਟਕ, ਗੋਸ਼ਟੀ ਅਤੇ ਟੂਰਨਾਮੈਂਟ ਆਦਿ-ਇਹ ਟਰੇਕਟ ਵੀ ਉਸੇ ਪਰੋਗਰਾਮ ਦਾ ਇਕ ਭਾਗ ਹੈ।

ਅੰਤ ਵਿਚ ਮੈਂ ਸ: ਆਤਮਾ ਸਿੰਘ ਐਸ. ਡੀ. ਓ. ਸਿਵਲ ਚੇਅਰਮੈਨ, ਸ: ਸੁਰਿੰਦਰ ਸਿੰਘ 'ਕੰਵਲ' ਐਮ. ਸੀ. ਕਨਵੀਨਰ, ਸ: ਹਰਭਜਨ ਸਿੰਘ ਮੈਨੇਜਰ ਸ੍ਰੀ ਦਰਬਾਰ ਸ਼ਾਹਿਬ ਖਜਾਨਚੀ ਦਾ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਦੀ ਯੋਗ ਅਗਵਾਈ ਕਾਰਨ ਗੁਰੂ ਸਾਹਿਬ ਦਾ ਗੁਰਪੁਰਬ ਭਾਵ-ਪੂਰਤ ਢੰਗ ਨਾਲ ਮਨਾ ਸਕੇ ਹਾਂ। ਮੈਂ ਆਪਣੇ ਫਰਜ਼ ਦੀ ਉਲੰਘਨਾ ਕਰਾਂਗਾ ਜੇਕਰ ਮੈਂ ਸ: ਹਰਜੀਤ ਸਿੰਘ ਪ੍ਰਧਾਨ ਤੇ ਸਮੂਹ ਮੈਂਬਰਾਂਨ ਨਗਰ ਪਾਲਕਾ, ਸਾਰੇ ਸਕੂਲਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਦਾ ਧੰਨਵਾਦ ਨਾ ਕਰਾਂ ਜਿਨ੍ਹਾਂ ਨੇ ਤਨ-ਮਨ ਤੇ ਧਨ ਨਾਲ ਸ਼ਤਾਬਦੀ ਕਮੇਟੀ ਨੂੰ ਸਹਿਯੋਗ ਦਿਤਾ।

- ਮਨਜੀਤ ਸਿੰਘ ਐਮ. ਏ., ਐਮ. ਸੀ.

ਸ੍ਰੀ ਗੁਰੂ ਤੇਗ ਬਹਾਦਰ ਤੀਜੀ ਸ਼ਹੀਦੀ ਸ਼ਤਾਬਦੀ ਕਮੇਟੀ

Sri Satguru Jagjit Singh Ji eLibrary NamdhariElibrary@gmail.com

ੴ ਵਾਹਿਗੁਰੂ ਜੀ ਕੀ ਫਤਹਿ ॥

# ਤੇਗ ਬਹਾਦਰ ਸਿਮਰਿਐ

(ਗਿਆਨੀ ਸੇਵਾ ਸਿੰਘ 'ਸੇਵਕ' ਤਰਨ ਤਾਰਨ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਦੀ ਵਾਰ ਦੇ ਅਰੰਭ ਵਿਚ ਜਿਥੇ ਆਪਣੇ ਸਾਜੇ ਖਾਲਸੇ ਨੂੰ ਸਤਿਗੁਰੂ ਸਾਹਿਬਾਂ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਅਰਦਾਸ ਬਖਸ਼ੀ ਹੈ, ਉਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਇਨ੍ਹਾਂ ਸ਼ਬਦਾਂ ਵਿਚ ਕਰਾਈ ਹੈ:-

'ਤੇਗ ਬਹਾਦਰ ਸਿਮਰਿਐ ਘਰਿ ਨਉਨਿਧਿ ਆਵੈ ਧਾਇ ॥
ਸਭ ਥਾਈ ਹੋਇ ਸਹਾਇ ॥'

ਇਹ ਸਭ ਤੋਂ ਵੱਡੀ ਬਖਸ਼ਿਸ਼ ਹੈ ਜੋ ਸਿੱਖ ਨੂੰ ਸਤਿਗੁਰੂ ਜੀ ਪਾਸੋਂ ਯਾਚਨਾ ਕਰਨ ਤੋਂ ਪ੍ਰਾਪਤ ਹੋ ਸਕਦੀ ਹੈ, ਭਾਵ ਕਿ ਨਉ ਨਿਧਾਂ ਦੀ ਬੜੀ ਤੇਜ਼ੀ ਨਾਲ, ਗੁਰੂ ਤੇਗ ਬਹਾਦਰ ਸਾਹਿਬ ਪਾਸੋਂ ਪ੍ਰਾਪਤੀ ਹੋ ਜਾਣੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦਾ ਤੱਤ ਸਾਰ, ਆਪਣੇ ਸਤਿਗੁਰੂ ਜੀ ਪਾਸੋਂ ਨਾਮ ਦੀ ਪ੍ਰਾਪਤੀ ਕਰਕੇ ਉਸਦੀ ਘਾਲ ਕਮਾਈ ਕਰਨੀ ਅਤੇ ਅਕਾਲ ਪੁਰਖ ਦੀ ਜੋਤ ਨੂੰ ਬ੍ਰਹਿਮੰਡ ਦੇ ਕਣ ਕਣ ਵਿਚ ਮਹਿਸੂਸ ਕਰਕੇ ਉਸਦੀ ਪੈਦਾ ਕੀਤੀ ਲੋਕਾਈ ਦੀ ਸੇਵਾ ਕਰਨੀ ਹੈ। ਅਤੇ ਗੁਰਮਤ ਦੀ ਪ੍ਰੀਭਾਸਾ ਵਿਚ ਨਾਮ ਹੀ ਨਉ ਨਿਧਾਂ ਹਨ:-

ਨਉਨਿਧਿ ਅੰਮ੍ਰਿਤ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮ ॥



Sri Satguru Jagjit Singh Ji eLibrary NamdhariElibrary@gmail.com

ਅਥਵਾ:—ਅੰਮ੍ਰਿਤ ਨਾਮੁ ਨਿਧਾਨ ਹੈ ਮਿਲਿ ਪੀਵਹੁ ਭਾਈ ॥

ਨਾਮ ਨਿਧਾਨ- ਨਿਧੀਆਂ ਦਾ ਘਰ, ਵਾਹਿਗੁਰੂ ਦਾ ਨਾਮ ॥

ਸੋ ਪਤਾ ਲਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੋ ਨਾਮ ਦਾ ਪਿਆਲਾ, ਅਕਾਲ ਪੁਰਖ ਪਾਸੋਂ ਪ੍ਰਾਪਤ ਹੋਇਆ ਸੀ, ਉਹ ਇਕੋ ਜੋਤ ਤੇ ਜੁਗਤ ਦੁਆਰਾ; ਪਿਛੋਂ ਗੁਰਗੱਦੀ ਤੇ ਬੈਠਣ ਵਾਲੇ ਸਤਿਗੁਰੂ ਸਾਹਿਬਾਂ ਦੁਆਰਾ ਜਦ ਨੌਵੇਂ ਜਾਮੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਆਇਆ ਤਾਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਨਾਮ ਨਿਧਾਨ ਅੰਮ੍ਰਿਤ ਬਖਸ਼ ਕੇ ਤ੍ਰਿਪਤ ਕਰ ਦਿੱਤਾ।

ਹਰੇਕ ਪ੍ਰਾਣੀ ਦਾ, ਜੋ ਮਨੁੱਖ ਦੇਹੀ ਧਾਰਨ ਕਰਦਾ ਹੈ, ਜੀਵਨ ਮਨੋਰਥ ਆਪਣੇ ਜੋਤ ਸਰੂਪ ਅਸਲੇ ਦੀ ਪਛਾਣ ਕਰਕੇ ਨਾਮ ਸਿਮਰਨ ਦੁਆਰਾ ਉਸ ਵਿਚ ਇਕ ਮਿਕ ਹੋਣਾ ਹੈ ਪਰ ਇਸ ਨਾਮ ਦੇ ਬਖਸ਼ਣਹਾਰ ਤੇ ਇਸ ਨੂੰ ਪ੍ਰਗਟ ਕਰਨ ਵਾਲੇ ਕੇਵਲ ਦਸ ਸਤਿਗੁਰੂ ਸਾਹਿਬਾਨ ਤੇ ਉਨ੍ਹਾਂ ਦਾ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਜੁਗ ਜੁਗ ਅਟੱਲ ਹਨ. ਹਰ ਕਿਸੇ ਪਾਸੋਂ 'ਨਾਮ' ਦੀ ਦਾਤ ਪਰਾਪਤ ਨਹੀਂ ਹੋ ਸਕਦੀ। ਇਸ ਲਈ ਆਪਣੀ ਆਤਮਾ ਨੂੰ ਨਾਮ ਪ੍ਰਾਪਤੀ ਲਈ ਤਿਆਰ ਕਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿਮਰਨਾ ਅਤਿ ਜ਼ਰੂਰੀ ਹੈ, ਜਿਸ ਤੋਂ ਨਾਮ ਦੀ ਦਾਤ ਧਾਈ ਕਰਕੇ ਆ ਨਿਵਾਜਦੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਲਗ ਭਗ ਸਾਢੇ ਚੁਰੰਜਾ ਸਾਲ ਦੇ ਜੀਵਨ ਨੂੰ ਮੋਟੇ ਤੌਰ ਤੇ ਹਠ ਲਿਖੇ ਸੱਤ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:—

| | | |
|---|---|---|
| 1. | ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਚ ਅਵਤਾਰ ਧਾਰ ਕੇ ਆਪਣਾ ਬਚਪਨ ਸ੍ਰੀ ਅੰਮ੍ਰਿਤਸਰ ਗੁਜ਼ਾਰਿਆ। | 9 ਸਾਲ |
| 2. | ਹਰ ਪ੍ਰਕਾਰ ਦੀ ਵਿਦਿਆ ਪ੍ਰਾਪਤੀ ਤੇ ਕਰਤਾਰਪੁਰ ਦੇ ਜੰਗ ਦੀ ਸ਼ਮੂਲੀਅਤ। | 4 ਸਾਲ |
| 3. | ਕੀਰਤ ਪੁਰ। | 9 ਸਾਲ |



Sri Satguru Jagjit Singh Ji eLibrary NamdhariElibrary@gmail.com

4. ਬਾਬੇ ਬਕਾਲੇ ਵਿਚ ਘੋਰ ਤਪ ਸਾਧਨਾ। 20 ਸਾਲ
5. ਪੂਰਬ ਦੇਸ਼ ਦਾ ਪ੍ਰਚਾਰ ਦੌਰਾ। 6 ਸਾਲ
6. ਅਨੰਦਪੁਰ ਵਾਸਾ। 4 ਸਾਲ
7. ਸ਼ਹੀਦੀ ਤੋਂ ਪਹਿਲਾਂ ਦੇਸ਼ ਦਾ ਰਟਨ। 2 ਸਾਲ

ਗੁਰੂ ਤੇਗ ਬਹਾਦਰ ਜੀ, ਛਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਪੁੱਤਰ ਸਨ। ਆਪਦਾ ਜਨਮ ਅੰਮ੍ਰਿਤਸਰ ਵਿਚ, ਪਹਿਲੀ ਅਪਰੈਲ 1621 ਈਸਵੀ ਨੂੰ, ਐਤਵਾਰ ਵਾਲੇ ਦਿਨ, ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ। ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ ਚਾਰ ਭਰਾ ਅਤੇ ਇਕ ਭੈਣ ਬੀਬੀ ਵੀਰੋ, ਆਪ ਤੋਂ ਵੱਡੇ ਸਨ।

ਆਪ ਦਾ ਬਚਪਨ ਵਡੇ ਵੀਰਾਂ ਅਤੇ ਹੋਰ ਹਾਣੀਆਂ ਨਾਲ ਖੇਡ ਮੱਲ ਕੇ ਬਤੀਤ ਹੋਇਆ। ਵਿਸ਼ੇਸ਼ ਰੂਪ ਵਿਚ ਆਪ ਤੋਂ ਦੋ ਸਾਲ ਵੱਡਾ ਵੀਰ ਅਟੱਲ ਰਾਇ ਹਰ ਸਮੇਂ ਆਪਦਾ ਖੇਡ-ਸਾਥੀ ਹੋਇਆ ਕਰਦਾ ਸੀ। ਸਾਢੇ ਚਾਰ ਸਾਲ ਦੀ ਆਯੂ ਵਿਚ ਆਪ ਨੂੰ ਬਾਬਾ ਬੁੱਢਾ ਜੀ ਪਾਸ ਪੜ੍ਹਨੇ ਪਾ ਦਿੱਤਾ ਗਿਆ। ਬਾਬਾ ਬੁੱਢਾ ਜੀ ਪਾਸੋਂ 'ਮੂਲ ਮੰਤਰ' ਦੀ ਸੰਥਾ ਲਈ। ਭਾਸ਼ਾ, ਹਿਸਾਬ, ਇਤਿਹਾਸ ਪੜ੍ਹਿਆ। ਜ਼ਰਾ ਵਡੇਰੀ ਉਮਰ ਦੇ ਹੋ ਕੇ ਭਾਰਤੀ ਸਿਧਾਂਤ ਦਾ ਅਧਿਐਨ ਕੀਤਾ। ਰਾਮਾਇਣ, ਮਹਾਂ ਭਾਰਤ, ਉਪਨਿਸ਼ਦ, ਸ਼ਾਸਤਰ, ਇਸਲਾਮੀ ਸਿਧਾਂਤ, ਸੂਫੀ ਵਿਚਾਰਧਾਰਾ ਆਦਿ ਦਾ ਅਧਿਐਨ ਕੀਤਾ। ਗੁਰੂ ਹਰਿਗੋਬਿੰਦ ਜੀ, ਬਾਬਾ ਬੁੱਢਾ, ਭਾਈ ਗੁਰਦਾਸ ਅਤੇ ਉਸ ਸਮੇਂ ਦੇ ਹੋਰ ਕਈ ਉਘੇ ਵਿਦਵਾਨ ਆਪਦੀ ਸਿਖਿਆ ਨਾਲ ਸੰਬੰਧਤ ਰਹੇ ਹਨ। ਭਾਈ ਗੁਰਦਾਸ ਪਾਸੋਂ ਕਾਵਿ-ਰਚਨਾ ਤੇ ਦਾਰਸ਼ਨਿਕ ਸਿਧਾਂਤ ਦੀ ਦਾਤ ਪਰਾਪਤ ਕੀਤੀ। ਸੰਗੀਤ ਵਿਦਿਆ ਭੀ ਲਈ ਅਤੇ ਰਾਗਾਂ ਦੀ ਪਛਾਣ ਕੀਤੀ।

ਸਮੇਂ ਦੀ ਸਰਕਾਰ ਨਾਲ ਵਿਚਾਰਾਂ ਦੀ ਟੱਕਰ ਦਿਨੋ ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸੇਵਕਾਂ ਨੂੰ ਸ਼ਸਤਰਧਾਰੀ



Sri Satguru Jagjit Singh Ji eLibrary NamdhariElibrary@gmail.com

ਹੋਣ ਦਾ ਹੁਕਮ ਦੇ ਦਿਤਾ ਸੀ ਤਾਂ ਜੋ ਲੋੜ ਪੈਣ ਤੇ ਆਪਣੀ ਰਖਿਆ ਆਪ ਕੀਤੀ ਜਾ ਸਕੇ। ਉਨ੍ਹਾਂ ਨੇ ਆਪਣੇ ਸਪੁੱਤ੍ਰਾਂ ਨੂੰ ਵੀ ਘੋੜ ਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਚੰਗੀ ਟਰੇਨਿੰਗ ਦਿੱਤੀ ਸੀ। ਸਭ ਤੋਂ ਛੋਟੇ ਸਪੁੱਤਰ ਦਾ ਨਾਮ ਭੀ ਆਪ ਨੇ ਤੇਗ ਬਹਾਦਰ ਇਸੇ ਕਰਕੇ ਰਖਿਆ ਸੀ ਕਿ ਉਹ ਵਡਾ ਹੋ ਕੇ ਤੇਗ ਦਾ ਧਨੀ ਬਣੇ। ਤੇਗ ਬਹਾਦਰ ਜੀ ਨੇ ਬਚਪਨ ਵਿਚ ਹੀ ਘੋੜ ਸਵਾਰੀ ਤੇ ਤੀਰ ਅੰਦਾਜ਼ੀ ਸਿਖ ਲਈ ਸੀ। ਜ਼ਰਾ ਵਡੇ ਹੋਏ ਤਾਂ ਤਲਵਾਰ, ਨੇਜ਼ਾ, ਖੰਡਾ, ਖੰਜਰ ਆਦਿ ਦੀ ਲੜਾਈ ਵਿਚ ਵੀ ਤਾਕ ਹੋ ਗਏ। ਸ਼ਸਤਰ ਵਿਦਿਆ ਵਿਚ, ਇਤਿਹਾਸਕ ਪ੍ਰਸਿਧਤਾ ਰੱਖਣ ਵਾਲਾ ਦਲੇਰ ਤੇ ਨਿਡਰ ਸੂਰਬੀਰ ਭਾਈ ਬਿਧੀ ਚੰਦ, ਤੇਗ ਬਹਾਦਰ ਜੀ ਦਾ ਉਸਤਾਦ ਸੀ।

ਗੁਰੂ ਹਰਿਗੋਬਿੰਦ ਜੀ ਸਮੇਂ ਸਮੇਂ ਆਪਣੇ ਸਿਖਾਂ ਨੂੰ ਨਾਲ ਲੈ ਕੇ ਬਾਹਰ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਜਾਇਆ ਕਰਦੇ ਸਨ। ਭਾਈ ਬਿਧੀ ਚੰਦ ਤੇ ਬਾਲਕ ਤੇਗ ਬਹਾਦਰ ਭੀ ਇਸ ਸਮੇਂ ਆਪਦੇ ਨਾਲ ਹੁੰਦੇ ਸਨ। ਇਕ ਵੇਰ ਦੀ ਗੱਲ ਹੈ ਕਿ ਕੁਝ ਸਿਖ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ। ਮੁਗਲ ਪਾਤਸ਼ਾਹ ਸ਼ਾਹਜਹਾਨ ਵੀ ਉਨ੍ਹਾਂ ਦਿਨਾਂ ਵਿਚ ਲਾਹੌਰ ਆਇਆ ਹੋਇਆ ਸੀ ਤੇ ਉਸਦੇ ਆਦਮੀ ਵੀ ਉਸੇ ਜੰਗਲ ਵਿਚ ਸ਼ਿਕਾਰ ਖੇਡ ਰਹੇ ਸਨ। ਸਿਖਾਂ ਨੇ ਇਕ ਸੁੰਦਰ ਬਾਜ਼ ਪਕੜ ਲਿਆ। ਫੌਜਦਾਰ ਗੁਲਾਮ ਰਸੂਲ ਖਾਂ ਵੀ ਉਸੇ ਬਾਜ਼ ਦੇ ਪਿਛੇ ਲੱਗਾ ਹੋਇਆ ਸੀ। ਦੋਹਾਂ ਧੜਿਆਂ ਵਿਚ ਬੋਲ ਬੁਲਾਰਾ ਹੋ ਗਿਆ। ਉਹ ਬਾਜ਼ ਮੰਗ ਰਹੇ ਸਨ। ਸਿਖਾਂ ਨੇ ਨਾਂਹ ਕਰ ਦਿੱਤੀ। ਤਲਵਾਰਾਂ ਨਿਕਲ ਆਈਆਂ। ਗੁਲਾਮ ਰਸੂਲ ਖਾਂ ਜ਼ਖਮੀ ਹੋ ਗਿਆ ਤੇ ਉਨ੍ਹਾਂ ਦੇ ਦੋ ਆਦਮੀ ਮਾਰੇ ਗਏ। ਭਰਿਆ ਪੀਤਾ ਉਹ ਲਾਹੌਰ ਨੂੰ ਮੁੜ ਗਿਆ। ਜਾ ਕੇ ਬਾਦਸ਼ਾਹ ਦੇ ਕੰਨ ਭਰੇ ਤੇ ਅਗਲੇ ਦਿਨ ਭਾਰਾ ਸ਼ਾਹੀ ਲਸ਼ਕਰ ਲੈ ਕੇ ਅੰਮ੍ਰਿਤਸਰ ਉਤੇ ਚੜ੍ਹ ਆਇਆ। ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਦਿਨਾਂ ਵਿਚ ਆਪਣੀ ਸਪੁੱਤਰੀ ਬੀਬੀ ਵੀਰੋ ਦਾ ਵਿਆਹ ਰਚਿਆ ਹੋਇਆ ਸੀ। ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਅੰਮ੍ਰਿਤਸਰ ਛੱਡਣਾ ਪਿਆ ਤੇ ਦਸ ਕੋਹ



Srj Satguru Jagjit Singh Ji eLibrary NamdhariElibrary@gmail.com

ਲਾਂਭੇ ਝਬਾਲ ਪਿੰਡ ਵਿਚ ਜਾ ਕੇ ਤਲਵਾਰਾਂ ਦੀ ਛਾਂ ਹੇਠ ਬੀਬੀ ਵੀਰੋ ਦੇ ਫੇਰੇ ਦਿਤੇ ਗਏ। ਭਾਈ ਬਿਧੀ ਚੰਦ, ਭਾਈ ਭਾਨੂੰ, ਭਾਈ ਸਿੰਘਾ, ਭਾਈ ਤਿਲੋਕਾ, ਭਾਈ ਸਾਲੂ ਅਤੇ ਪੈਂਦੇ ਖਾਂ ਨੇ ਤਲਵਾਰ ਦੇ ਖੂਬ ਜੌਹਰ ਦਿਖਾਏ। ਜਿੰਨਾ ਚਿਰ ਵਿਆਹ ਦੀ ਰਸਮ ਪੂਰੀ ਨਾ ਹੋ ਗਈ, ਸਿੱਖਾਂ ਨੇ ਹਿੱਕ ਦੇ ਜ਼ੋਰ ਨਾਲ ਦੁਸ਼ਮਨ ਨੂੰ ਡੱਕ ਛਡਿਆ। ਇਸ ਮੌਕੇ ਦੀ ਯਾਦ ਵਜੋਂ ਝਬਾਲ ਵਿਚ ਬੀਬੀ ਵੀਰੋ ਦਾ ਗੁਰਦੁਆਰਾ ਸਥਾਪਤ ਹੈ। ਤੇਗ ਬਹਾਦਰ ਦੀ ਆਯੂ ਇਸ ਸਮੇਂ ਦਸ ਸਾਲ ਦੀ ਸੀ। ਉਨ੍ਹਾਂ ਨੇ ਸਿਖ ਸੂਰਬੀਰਾਂ ਦੇ ਕਾਰਨਾਮੇ ਆਪਣੀਆਂ ਅੱਖਾਂ ਨਾਲ ਵੇਖੇ ਤੇ ਕੰਨਾਂ ਨਾਲ ਸੁਣੇ।

1634 ਈਸਵੀ ਦੀ ਗੱਲ ਹੈ। ਗੁਰੂ ਪਰਵਾਰ ਇਸ ਸਮੇਂ ਕਰਤਾਰਪੁਰ ਨਿਵਾਸ ਕਰ ਰਿਹਾ ਸੀ। ਗੁਰੂ ਘਰ ਵਿਚ ਪਾਲਕੇ ਜਵਾਨੀ ਚੜ੍ਹਿਆ ਮੁਸਲਮਾਨ ਸੇਵਕ ਪੈਂਦੇ ਖਾਂ, ਸਮਾਂ ਪਾ ਕੇ ਅੱਖਾਂ ਫੇਰ ਗਿਆ। ਉਸਦਾ ਜਵਾਈ ਉਸਮਾਨ ਖਾਂ ਲਾਲਚੀ ਤਬੀਅਤ ਵਾਲਾ ਬਦਾ ਸੀ। ਗੁਰੂ ਦਰਬਾਰ ਵਿਚ ਭੇਟਾ ਵਜੋਂ ਕਈ ਚੰਗੀਆਂ ਚੰਗੀਆਂ ਚੀਜ਼ਾਂ ਆਉਂਦੀਆਂ ਤੇ ਉਸਮਾਨ ਖਾਂ ਦਾ ਦਿਲ ਲਲਚਾਉਂਦਾ ਰਹਿੰਦਾ। ਆਪਣੇ ਸਹੁਰੇ ਪੈਂਦੇ ਖਾਂ ਰਾਹੀਂ ਉਹ ਕੋਈ ਨਾ ਕੋਈ ਫਰਮਾਇਸ਼ ਪਾਉਂਦਾ ਹੀ ਰਹਿੰਦਾ। ਕੁਝ ਸਮਾਂ ਫਰਮਾਇਸ਼ਾਂ ਪੂਰੀਆਂ ਹੁੰਦੀਆਂ ਰਹੀਆਂ। ਜਦ ਨਾਂਹ ਨੁਕਰ ਹੋਣ ਲੱਗ ਪਈ ਤਾਂ ਉਸ ਨੇ ਚੋਰੀ ਕਰਨੀ ਸ਼ੁਰੂ ਕਰ ਦਿੱਤੀ। ਪੈਂਦੇ ਖਾਂ ਨੂੰ ਸਿਖਾਂ ਵਲੋਂ ਉਲਾਂਭੇ ਮਿਲਣ ਲੱਗੇ। ਉਹ ਆਪਣੇ ਜਵਾਈ ਦੀਆਂ ਕਰਨੀਆਂ ਉਤੇ ਪਰਦਾ ਪਾਉਣ ਦਾ ਯਤਨ ਕਰਦਾ। ਆਖਰ ਚੋਰੀ ਦੀਆਂ ਕੁਝ ਚੀਜ਼ਾਂ ਉਸਮਾਨ ਖਾਂ ਦੇ ਘਰੋਂ ਫੜੀਆਂ ਗਈਆਂ। ਪੁੱਛ ਪੜਤਾਲ ਹੋਈ। ਗੱਲ ਗੁਰੂ ਹਰਿਗੋਬਿੰਦ ਸਾਹਿਬ ਤਕ ਅੱਪੜੀ। ਪੈਂਦੇ ਖਾਂ ਵਿਗੜ ਬੈਠਾ। ਉਸਮਾਨ ਖਾਂ ਨੇ ਸੂਬਾ ਲਾਹੌਰ ਦੇ ਕੰਨ ਭਰੇ। ਸ਼ਹਿਨਸ਼ਾਹ ਸ਼ਾਹਜਹਾਨ ਵੀ ਉਨ੍ਹਾਂ ਦਿਨਾਂ ਵਿਚ ਲਾਹੌਰ ਹੀ ਸੀ। ਪਿਸ਼ਾਵਰ ਦੇ ਗਵਰਨਰ ਕਾਲੇ ਖਾਂ ਦੀ ਕਮਾਨ ਹੇਠ ਪੰਜਾਹ ਹਜ਼ਾਰ ਮੁਗਲ ਲਸ਼ਕਰ ਕਰਤਾਰ ਪੁਰ ਉਤੇ ਚੜ੍ਹਕ ਆ ਗਿਆ। ਗੁਰੂ ਘਰ



Sri Satguru Jagjit Singh Ji eLibrary NamdhariElibrary@gmail.com

ਦੇ ਭੇਤੀ ਪੈਂਦੇ ਖਾਂ ਅਤੇ ਉਸਮਾਨ ਖਾ ਉਨ੍ਹਾਂ ਦੇ ਨਾਲ ਸਨ। ਘਮਸਾਨ ਦਾ ਯੁਧ ਹੋਇਆ। ਸਖਤ ਗਰਮੀ ਦ ਰੁੱਤ ਸੀ।। ਭਾਈ ਬਿਧੀ ਚੰਦ ਦੀ ਅਗਵਾਈ ਹੇਠ ਬਾਬਾ ਗੁਰਦਿੱਤਾ ਜੀ ਅਤੇ ਬਾਬਾ ਤੇਗ ਬਹਾਦਰ ਜੀ ਦੋ ਸਾਹਿਬਜ਼ਾਦੇ ਮੈਦਾਨ ਵਿਚ ਉਤਰੇ ਤੇ ਸ਼ਸਤਰ ਵਿਦਿਆ ਦੇ ਖੂਬ ਜੌਹਰ ਦਿਖਾਏ। ਤੇਗ ਬਹਾਦਰ ਜੀ ਦੀ ਆਯੂ ਇਸ ਸਮੇਂ ਤੇਰਾਂ ਸਾਲ ਦੀ ਸੀ ਅਤੇ ਯੁਧ ਵਿਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਪਹਿਲਾ ਮੌਕਾ ਸੀ।

ਦੋਵਾਂ ਪਾਸਿਆਂ ਤੋਂ ਭਾਰੀ ਨੁਕਸਾਨ ਹੋਇਆ। ਮੁਗਲ ਫੌਜਾਂ ਦੇ ਜਰਨੈਲ ਕਾਲੇ ਖਾਂ ਅਤੇ ਕੁਤਬ ਖਾਂ ਮਾਰੇ ਗਏ। ਲੜਦਾ ਲੜਦਾ ਪੈਂਦੇ ਖਾਂ ਗੁਰੂ ਹਰਿਗੋਬਿੰਦ ਜੀ ਦੇ ਸਾਹਮਣੇ ਆ ਗਿਆ। ਦੋ ਸੂਰਮੇ ਆਹਮੋ ਸਾਹਮਣੇ ਡਟੇ ਹੋਏ ਸਨ। ਗੁਰੂ ਜੀ ਨੇ ਪੈਂਦੇ ਖਾਂ ਨੂੰ ਲਲਕਾਰਦਿਆਂ ਹੋਇਆਂ ਕਿਹਾ -

"ਪੈਂਦੇ ਖਾਂ, ਪਹਿਲ ਤੇਰੀ ਹੈ। ਪਹਿਲਾਂ ਤੂੰ ਵਾਰ ਕਰ ਲੈ।"

ਉਸ ਨੇ ਤਲਵਾਰ ਨਾਲ ਵਾਰ ਕੀਤਾ। ਗੁਰੂ ਜੀ ਨੇ ਰੋਕ ਲਿਆ। ਪੈਂਦੇ ਖਾਂ ਦੀ ਤਲਵਾਰ ਹਥੋਂ ਡਿਗ ਪਈ। ਰੋਹ ਵਿਚ ਆਕੇ ਉਸ ਨੇ ਖੰਜਰ ਨਾਲ ਵਾਰ ਕੀਤਾ। ਗੁਰੂ ਜੀ ਦੇ ਪੈਰ ਦਾ ਠੁੱਡਾ ਖਾ ਕੇ ਭਵਾਂਟਣੀਆਂ ਖਾਂਦਾ ਹੋਇਆ ਪਰੇ ਜਾ ਡਿੱਗਾ।

"ਉਠ ਬਹਾਦਰਾ, ਆਪਣੀ ਤਲਵਾਰ ਪਕੜ ਤੇ ਫਿਰ ਮੈਦਾਨ ਵਿਚ ਆ", ਕਹਿੰਦੇ ਹੋਏ ਗੁਰੂ ਜੀ ਆਪਣੇ ਘੋੜੇ ਤੋਂ ਉਤਰ ਖਲੋਤੇ। ਪੈਂਦੇ ਖਾਂ ਨੇ ਤਲਵਾਰ ਫੜੀ ਤੇ ਜੋਸ਼ ਵਿਚ ਆ ਕੇ ਫਿਰ ਵਾਰ ਕੀਤਾ। ਗੁਰੂ ਜੀ ਨੇ ਉਸਦਾ ਵਾਰ ਰੋਕਿਆ ਤੇ ਜਵਾਬੀ ਹਮਲੇ ਵਿਚ ਅਜਿਹੀ ਕਰਾਰੀ ਸੱਟ ਲਾਈ ਕਿ ਉਹ ਜ਼ਖਮੀ ਹੋ ਕੇ ਧਰਤੀ ਤੇ ਢਹਿ ਪਿਆ। ਭਖਦਾ ਸੂਰਜ ਕਹਿਰਾਂ ਦੀ ਅੱਗ ਵਰ੍ਹਾ ਰਿਹਾ ਸੀ। ਗੁਰੂ ਜੀ ਨੇ ਸਿਸਕ ਰਹੇ ਪੈਂਦੇ ਖਾਂ ਦੇ ਮੂੰਹ ਉਤੇ ਆਪਣੀ ਢਾਲ ਨਾਲ ਛਾਂ ਕੀਤੀ ਤੇ ਬੜੇ ਪਿਆਰ ਨਾਲ ਕਹਿਣ ਲਗੇ,

"ਪੈਂਦੇ ਖਾਂ, ਤੇਰਾ ਅੰਤਮ ਸਮਾਂ ਆ ਗਿਆ ਹੈ, ਕਲਮਾ ਪੜ੍ਹ ਲੈ।"



Sri Satguru Jagjit Singh Ji eLibrary NamdhariElibrary@gmail.com

ਪੈਂਦੇ ਖਾਂ ਨੂੰ ਢਹਿੰਦਾ ਵੇਖ ਕੇ, ਉਸਦਾ ਜਵਾਈ ਉਸਮਾਨ ਖਾਂ ਉਸ ਦੀ ਮਦਦ ਵਾਸਤੇ ਦੂਰੋਂ ਭੱਜਕੇ ਆਇਆ। ਗੁਰੂ ਜੀ ਤੱਕ ਉਹ ਅਜੇ ਪੁੱਜਾ ਹੀ ਨਹੀਂ ਸੀ ਕਿ ਬਾਬਾ ਗੁਰਦਿੱਤਾ ਦੇ ਤੀਰ ਨਾਲ ਫੜੂੰਗਿਆ ਗਿਆ। ਸ਼ਾਹੀ ਲਸ਼ਕਰ ਵੱਡਾ ਨੁਕਸਾਨ ਕਰਵਾ ਕੇ ਤਿੱਤਰ ਬਿੱਤਰ ਹੋ ਗਿਆ। ਗੁਰੂ ਜੀ ਦੀ ਜਿੱਤ ਹੋਈ। ਸ਼ਹੀਦਾਂ ਦੇ ਅੰਤਮ ਸੰਸਕਾਰ ਕੀਤੇ ਗਏ। ਜ਼ਖਮੀਆਂ ਦੀ ਮਲ੍ਹਮ ਪੱਟੀ ਦਾ ਪ੍ਰਬੰਧ ਹੋਇਆ। ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ। ਵਿਹਲੇ ਹੋ ਕੇ ਸੂਰਬੀਰਾਂ ਨੂੰ ਥਾਪੀਆਂ ਦਿੱਤੀਆਂ ਗਈਆਂ। ਗੁਰੂ ਖੁਸ਼ੀਆਂ ਦੀ ਵਰਖਾ ਹੋਈ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਛੋਟੇ ਪੁੱਤਰ ਤੇਗ ਬਹਾਦਰ ਨੂੰ ਸਨੇ ਨਾਲ ਲਾਇਆ ਤੇ 'ਤੂੰ ਸਚ ਮੁਚ ਹੀ ਤੇਗ ਬਹਾਦਰ ਹੈਂ' ਕਹਿੰਦਿਆਂ ਹੋਇਆਂ ਕਈ ਅਸੀਸਾਂ ਦਿੱਤੀਆਂ। ਤੇਰਾਂ ਸਾਲ ਦੇ ਬੱਚੇ ਦੀ ਸੂਰਬੀਰਤਾ ਦੇ ਕਾਰਨਾਮੇ ਸੁਣ ਕੇ ਮਾਂਤਾ ਨਾਨਕੀ ਆਪਣੇ ਆਪ ਵਿਚ ਫੁੱਲੀ ਨਾ ਸਮਾਉਂਦੀ।

ਗੁਰੂ ਹਰਿਗੋਬਿੰਦ ਜੀ ਜਾਣਦੇ ਸਨ ਕਿ ਮੁਗਲ ਸੈਨਾ ਨੂੰ ਹੋਈ ਇਹ ਹਾਰ ਸੁੱਖ ਨਾਲ ਨਹੀਂ ਬੀਤੇਗੀ। ਉਹ ਰੋਹ ਵਿਚ ਆਕ, ਹੋਰ ਵੀ ਵੱਡਾ ਲਸ਼ਕਰ ਲੈ ਕੇ ਆ ਪੈਣਗੇ ਅਤੇ ਸਾਡੇ ਪਾਸ ਅਜੇ ਫੌਜੀ ਸ਼ਕਤੀ ਇਤਨੀ ਨਹੀਂ। ਇਹ ਕੁਝ ਸੋਚਦਿਆਂ ਹੋਇਆਂ ਉਨ੍ਹਾਂ ਨੂੰ ਕਰਤਾਰਪੁਰ ਦੀ ਥਾਂ ਸੁਰੱਖਿਤ ਨਾ ਜਾਪੀ ਤੇ ਉਨ੍ਹਾਂ ਨੇ ਆਪਣੇ ਸਾਥੀਆਂ ਸਮੇਤ ਪਹਾੜ ਵੱਲ ਨੂੰ ਮੂੰਹ ਕਰ ਲਿਆ। ਗੁਰੂ ਜੀ ਪਹਾੜ ਦੀ ਗੋਦ ਵਿਚ ਪਹੁਚ ਗਏ। ਕਹਿਲੂਰ ਰਿਆਸਤ ਵਿਚ ਇਕ ਥਾਂ ਆਪ ਨੂੰ ਬਹੁਤ ਪਸਦ ਆਈ ਤੇ ਆਪਣੇ ਸਾਥੀਆਂ ਨਾਲ ਸਲਾਹ ਕਰਕੇ ਉਥੇ ਹੀ ਡੇਰਾ ਲਾ ਲਿਆ। ਕੁਝ ਦਿਨਾਂ ਪਿਛੋਂ ਪਰਵਾਰ ਵੀ ਉਥੇ ਬੁਲਾ ਲਿਆ। ਇਸ ਥਾਂ ਅਜ ਕਲ ਕੀਰਤਪੁਰ ਨਾਂ ਦਾ ਸੁੰਦਰ ਨਗਰ ਆਬਾਦ ਹੈ।

ਕੀਰਤਪੁਰ ਖੂਬ ਚਹਿਲ ਪਹਿਲ ਹੋ ਗਈ। ਕੁਦਰਤੀ ਵਾਤਾਵਰਣ ਤੇ ਇਕਾਂਤ ਬਾਬਾ ਤੇਗ ਬਹਾਦਰ ਨੂੰ ਬਹੁਤ ਪਸੰਦ ਸੀ। ਵਖ ਵਖ ਮਤਾਂ ਸਿਧਾਤਾਂ ਨਾਲ ਸੰਬੰਧਤ ਲੋਕ ਇਥੇ ਆਉਂਦੇ ਤੇ



Sri Satguru Jagjit Singh Ji eLibrary NamdhariElibrary@gmail.com

ਪਰਸਪਰ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ। ਰੂਹਾਨੀ ਸਿਖਿਆ ਦੇ ਨਾਲ ਨਾਲ ਫੌਜੀ ਸਿਖਿਆ ਦਾ ਵਾਤਾਵਰਣ ਭੀ ਬਣਿਆ ਰਹਿੰਦਾ। ਦੂਰ ਦੁਰਾਡੀਆਂ ਥਾਵਾਂ ਤੋਂ ਸ਼ਰਧਾਵਾਨ ਸਿਖ ਆਉਂਦੇ ਤੇ ਵਧੀਆ ਤੋਂ ਵਧੀਆ ਘੋੜੇ ਤੇ ਸ਼ਸਤਰ ਗੁਰੂ ਦਰਬਾਰ ਵਿਚ ਭੇਟਾ ਕਰਦੇ। ਅਜਿਹੇ ਭਰਪੂਰ ਵਾਤਾਵਰਣ ਵਿਚ ਨੌਜਵਾਨ ਤੇਗ ਬਹਾਦਰ ਦੀ ਸ਼ਖਸੀਅਤ ਵਿਚ ਰੱਖਾ ਨਿਖਾਰ ਆਇਆ।

ਪਿਤਾ ਗੁਰੂ ਹਰਿਗਬਿੰਦ ਜੀ ਦਾ ਅੰਤ ਸਮਾਂ ਨੇੜੇ ਆ ਗਿਆ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਨੇ ਆਪਣੇ ਪੋਤਰੇ ਸ੍ਰੀ ਹਰਿਰਾਇ ਨੂੰ ਗੁਰਿਆਈ ਬਖਸ਼ੀ। ਮਾਤਾ ਨਾਨਕੀ ਜੀ ਨੇ ਇਸ ਬਾਰੇ ਆਪਣੇ ਪਤੀ ਪਾਸ ਥੋੜਾ ਜਿਹਾ ਰੋਸ ਪ੍ਰਗਟ ਕੀਤਾ। ਉਹ ਗੱਦੀ ਦਾ ਵਾਰਸ ਆਪਣੇ ਛੋਟੇ ਪੁੱਤਰ ਤੇਗ ਬਹਾਦਰ ਨੂੰ ਸਮਝਦੀ ਸੀ। ਗੁਰੂ ਜੀ ਨੇ ਉਸ ਨੂੰ ਸਮਝਾਇਆ ਅਤ ਆਪਣੇ ਪਿਛਲੇ ਪਿੰਡ ਬਕਾਲੇ ਚਲੇ ਜਾਣ ਦੀ ਰਾਇ ਦਿਤੀ। ਮਾਤਾ ਨਾਨਕੀ ਜੀ ਆਪਣੇ ਪੁੱਤਰ ਤੇਗ ਬਹਾਦਰ ਅਤੇ ਨੂੰਹ ਬੀਬੀ ਗੁਜਰੀ ਨੂੰ ਨਾਲ ਲੈ ਕੇ ਬਕਾਲੇ ਆ ਟਿਕੇ। ਬਕਾਲਾ ਤੇਗ ਬਹਾਦਰ ਦਾ ਨਾਨਕਾ ਪਿੰਡ ਸੀ। ਇਸ ਸਮੇਂ ਤੇਗ ਬਹਾਦਰ ਜੀ ਦੀ ਆਯੂ ਤੇਈ ਸਾਲ ਦੀ ਸੀ।

ਬਕਾਲੇ ਵਿਚ ਰਹਿੰਦਿਆਂ ਤੇਗ ਬਹਾਦਰ ਜੀ ਨੇ ਸੇਵਾ, ਸੰਜਮ, ਕਿਰਤ, ਇਕਾਂਤ-ਵਾਸ, ਅੰਤਰ ਬਿਰਤੀ. ਤਪੱਸਿਆ, ਸਵੈ-ਕਾਬੂ ਤੇ ਆਤਮ ਨਛਾਵਰਤਾ ਦਾ ਅਭਿਆਸ ਕੀਤਾ। ਆਪ ਨਿਤਾ ਪ੍ਰਤਿ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਕੀਰਤਨ ਕਰਦੇ। ਦਿਨ ਸਮੇਂ ਕਿਰਤ ਕਾਰ ਕਰਕੇ ਗੁਜ਼ਾਰਾ ਕਰਦੇ ਪਰ ਬਹੁਤਾ ਸਮਾ ਇਕ ਭੋਰੇ ਵਿਚ ਬੈਠ ਕੇ ਭਜਨ ਬੰਦਗੀ ਤੇ ਆਤਮਕ ਅਨੰਦ ਵਿਚ ਮਸਤ ਰਹਿੰਦੇ। ਬਕਾਲ ਵਿਚ ਘਰ ਤਪੱਸਿਆ ਦੇ ਸਮੇਂ ਭਾਰਤ ਦੀ ਰਾਜਸੀ ਹਾਲਤ ਵਿਚ ਕਈ ਤਬਦੀਲੀਆਂ ਆਈਆਂ। ਗੁਰੂ ਹਰਿਕ੍ਰਿਸ਼ਨ ਸਾਹਿਬ ਤਿੰਨ ਸਾਲ ਦੇ ਕਰੀਬ ਗੁਰਗੱਦੀ ਪਰ ਬਿਰਾਜ ਕੇ ਦਿੱਲੀ ਵਿਚ ਇਹ ਫੁਰਮਾ ਕੇ ਜੋਤੀ ਜੋਤ ਸਮਾ ਗਏ:—



Sri Satguru Jagjit Singh Ji eLibrary NamdhariElibrary@gmail.com

ਬਾਬਾ ਬਸਹਿ ਜੇ ਗ੍ਰਾਮ ਬਕਾਲੇ ॥
ਬਨਿ ਗੁਰ, ਸੰਗਤ ਸਕਲ ਸਮਾਲੇ ॥
ਅਥਵਾ:— ਅਬ ਜਾ ਇ ਦਰਸ਼ਨ ਤੁਮ ਕਰੋ ਬਕਾਲੇ॥
ਤਹਾਂ ਰਹੇ ਬਾਬਾ ਜੀ ਦੀਨ ਦਿਆਲੇ ॥

ਇਹ ਬਚਨ ਸੁਣਕੇ ਸੰਗਤਾਂ ਨੇ ਬਕਾਲੇ ਨਗਰ ਵਲ ਵਹੀਰਾਂ ਪਾ ਦਿਤੀਆਂ। ਉਧਰ ਸੋਢੀ ਬੰਸ ਦੇ ਕੁਝ ਸੱਜਣ ਗੁਰਗੱਦੀ ਦੇ ਵਾਰਸ ਬਨਣ ਲਈ ਬਕਾਲੇ ਪੁੱਜ ਗਏ। ਪਰ ਆਤਮ-ਸ਼ਕਤੀ ਤੋਂ ਕੋਰੇ ਹੋਣ ਕਰਕੇ ਸੰਗਤਾਂ ਦੀ ਤਸੱਲੀ ਇਨ੍ਹਾਂ ਬਨਾਉਟੀ ਗੁਰੂਆਂ ਪਾਸੋਂ ਨਾ ਹੋ ਸਕੀ। ਅਖੀਰ ਮੱਖਣ ਸ਼ਾਹ ਲੁਬਾਣੇ ਦੀ ਪਾਰਖੂ ਸ਼ਰਧਾ ਨੇ ਇਕਾਂਤ ਵਿਚ ਸਮਾਧੀ ਸਥਿੱਤ ਤੇਗ ਬਹਾਦਰ ਜੀ ਨੂੰ ਪਰਗਟ ਕਰ ਦਿੱਤਾ। ਮੱਖਣ ਸ਼ਾਹ ਨੇ ਕੋਠੇ ਉਤੇ ਚੜ੍ਹ ਕੇ 'ਸਾਚਾ ਗੁਰੂ ਲਾਧੋ ਰੇ' ਪੁਕਾਰਦਿਆਂ ਹੋਇਆਂ ਪੱਲੂ ਫੇਰ ਦਿੱਤਾ। ਸੋਢੀ ਧੀਰ ਮਲ ਤੇ ਉਨ੍ਹਾਂ ਦੇ ਸਾਥੀਆਂ ਨੇ ਈਰਖਾ ਤੇ ਸਾੜੇ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਮਾਰ ਮੁਕਾਉਣ ਦੇ ਯਤਨ ਕੀਤੇ ਪਰ ਸਫਲ ਨਾ ਹੋਏ। ਸਤਿਗੁਰੂ ਜੀ, ਮੱਖਣ ਸ਼ਾਹ ਲੁਬਾਣੇ ਤੇ ਹੋਰ ਸਿੱਖਾਂ ਸਮੇਤ ਅੰਮ੍ਰਿਤਸਰ, ਸ੍ਰੀ ਹਰਿ-ਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਪਰ ਲੋਭੀ ਪੁਜਾਰੀ, ਕਿਵਾੜ ਬੰਦ ਕਰਕੇ ਲੁਕ ਛਿਪ ਗਏ। ਸ੍ਰੀ ਗੁਰੂ ਜੀ ਉਥੋਂ ਵੱਲੇ ਪਿੰਡ ਨੂੰ ਹੋ ਗਏ। ਫੇਰ ਆਪ ਬਕਾਲੇ ਤੇ ਕਰਤਾਰਪੁਰ ਹੁੰਦੇ ਹੋਏ ਕੀਰਤਪੁਰ ਪੁਜੇ। ਇਥੋਂ ਕੁਝ ਮੀਲਾਂ ਦੀ ਵਿੱਥ ਤੇ ਕਹਿਲੂਰ ਰਿਆਸਤ ਦੇ ਰਾਜੇ ਪਾਸੋਂ ਮਾਖੋਵਾਲ ਪਿੰਡ ਦੀ ਜ਼ਮੀਨ ਮੁਲ ਲੈਕੇ ਅਨੰਦਪੁਰ ਨਾਂ ਦਾ ਨਗਰ ਵਸਾਇਆ।

ਹੁਣ ਆਪ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਤੁਰ ਪਏ। ਆਪ ਨੇ ਦੇਸ਼ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਕਾਇਮ ਕੀਤੀਆਂ ਸੰਗਤਾਂ ਨੂੰ ਮਜ਼ਬੂਤ ਕੀਤਾ। ਇਸ ਵੇਲੇ ਮੁਗ਼ਲ ਸਾਮਰਾਜ ਦੀ ਵਾਗ ਡੋਰ ਔਰੰਗਜ਼ੇਬ ਦੇ ਹੱਥ ਵਿਚ ਸੀ, ਜਿਸਦੇ ਸਿਰ ਪਰ ਮਜ਼੍ਹਬੀ ਕੱਟੜਪੁਣੇ ਦਾ ਭੂਤ ਸਵਾਰ ਸੀ। ਉਹ ਸਾਰੀ ਹਿੰਦਵਾਇਣ ਨੂੰ ਮੁਸਲਮਾਨੀ ਮੱਤ ਵਿਚ ਲਿਆਉਣ



Sri Satguru Jagjit Singh Ji eLibrary NamdhariElibrary@gmail.com

ਲਈ ਉਤਾਵਲਾ ਸੀ। ਉਸ ਨੇ ਪੂਰਬੀ ਬੰਗਾਲ ਤੇ ਉੜੀਸਾ ਦੇ ਸਾਰੇ ਹਿੰਦੂ ਮੰਦਰ ਢਾਹ ਦੇਣ ਦਾ ਹੁਕਮ ਦੇ ਦਿੱਤਾ ਸੀ। ਹਿੰਦੂਆਂ ਉਤੇ ਚੁੰਗੀ ਮਸੂਲ ਤੇ ਕਈ ਤਰ੍ਹਾਂ ਦੇ ਅਯੋਗ ਟੈਕਸ ਲਾਕੇ ਉਨ੍ਹਾਂ ਦਾ ਜੀਵਨ ਦੂਭਰ ਕਰ ਛਡਿਆ ਸੀ। ਗੁਰੂ ਜੀ ਮਜ਼ਲੂਮ ਹਿੰਦੂ ਜਨਤਾ ਨੂੰ ਧਰਵਾਸ ਦੇਣ ਲਈ ਤੇ ਸਿੱਖੀ ਦਾ ਪ੍ਰਚਾਰ ਕਰਨ ਲਈ ਪ੍ਰਵਾਰ ਸਮੇਤ ਪੂਰਬ ਦੇਸ਼ ਦੇ ਦੌਰੇ ਲਈ ਚੱਲ ਪਏ। ਇਸ ਪ੍ਰਚਾਰ ਦੌਰੇ ਵਿਚ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਤੋਂ ਚੱਲਕੇ ਘਨੌਲੀ, ਰੋਪੜ, ਦਾਦੂ ਮਾਜਰਾ, ਨੌਲੱਖਾ, ਮੂਲੋਵਾਲ, ਫਰਵਾਹੀ, ਹੰਢਾਇਆ, ਭੰਦੇਹਰ ਤੇ ਭੀਖੀ ਆਦਿ ਪਿੰਡਾਂ ਵਿਚ ਦੀ ਹੁੰਦੇ ਹੋਏ ਸਾਬੋ ਕੀ ਤਲਵੰਡੀ ਪੁੱਜ ਗਏ। ਬਾਂਗਰ ਅਤੇ ਮਾਲਵੇ ਦੇ ਅਗਿਆਨੀ ਤੇ ਭਰਮਾਂ ਵਹਿਮਾਂ ਦਾ ਸ਼ਿਕਾਰ ਬਣੇ ਹੋਏ ਲੋਕਾਂ ਨੂੰ ਸੱਤ ਧਰਮ ਦਾ ਉਪਦੇਸ਼ ਦੇਂਦੇ ਗਏ। ਆਪ ਉਤਰ ਪ੍ਰਦੇਸ ਦੇ ਪ੍ਰਸਿਧ ਸ਼ਹਿਰ ਮਥਰਾ, ਕਾਨਪੁਰ, ਅਲਾਹਬਾਦ ਤੇ ਕਾਂਸ਼ੀ ਤੋਂ ਸਸਰਾਮ ਹੁੰਦੇ ਹਏ ਆਪਣੇ ਸਾਥ ਸਮੇਤ ਗਯਾ ਪਹੁੰਚੇ। ਗਯਾ ਵੀ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਪੁਰਾਣੇ ਵਿਚਾਰਾਂ ਦੇ ਹਿੰਦੂ ਲੋਕ ਇਥੇ ਆਕੇ ਮਰ ਚੁਕੇ ਸਨਬੰਧੀਆਂ ਅਤੇ ਰਿਸ਼ਤੇਦਾਰਾਂ ਦੇ ਨਮਿੱਤ ਪਾਠ ਪੂਜਾ ਕਰਾਉਂਦੇ ਤੇ ਪੁੰਨ ਦਾਨ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਇਥੇ ਕੀਤੇ ਗਏ ਪੁੰਨ ਦਾਨ ਦਾ ਫਲ ਮਰ ਚੁੱਕੇ ਪਿਤਰਾਂ ਨੂੰ ਪਹੁੰਚਦਾ ਹੈ। ਗੁਰੂ ਜੀ ਨੇ ਵੇਖਿਆ ਕਿ ਕਈ ਲੋਕ ਆਟੇ ਦੇ ਪੇੜੇ ਬਣਾ ਬਣਾ ਕੇ ਪਾਂਡਿਆਂ ਨੂੰ ਫੜਾ ਰਹੇ ਹਨ। ਪਾਂਡੇ, ਸੰਖੇਪ ਜਿਹਾ ਮੰਤਰ ਪੜ੍ਹਦੇ ਤੇ ਆਟਾ ਮੱਛੀਆਂ ਨੂੰ ਪਾ ਦਿੰਦੇ। ਅੰਧ ਵਿਸ਼ਵਾਸ਼ ਵਿਚ ਗ੍ਰਸੇ ਇਹ ਲੋਕ ਸਮਝ ਰਹੇ ਸਨ ਕਿ ਸਾਡਾ ਦਿੱਤਾ ਹੋਇਆ ਇਹ ਰਾਸ਼ਨ ਸਾਡੇ ਪਿਤਰਾਂ ਨੂੰ ਪਹੁੰਚ ਰਿਹਾ ਹੈ। ਇਸ ਰਸਮ ਨੂੰ 'ਪਿੰਡ ਭਰਾਣ' ਕਿਹਾ ਜਾਂਦਾ ਹੈ। ਗੁਰੂ ਜੀ ਵੀ ਉਥੇ ਪਹੁੰਚ ਗਏ। ਉਨ੍ਹਾਂ ਨੂੰ ਵੇਖਕੇ ਪਾਂਡਿਆਂ ਨੇ ਆ ਘੇਰਾ ਪਾਇਆ। ਉਨ੍ਹਾਂ ਨੇ ਸਮਝਿਆ ਕਿ ਇਹ ਕੋਈ ਅਮੀਰ ਅਸਾਮੀ 'ਪਿੰਡ ਭਰਾਣ' ਆਈ ਹੈ, ਖੂਬ ਪੂਜਾ ਮਿਲੇਗੀ। ਗੁਰੂ ਜੀ ਅਜਿਹੇ ਅੰਧ ਵਿਸ਼ਵਾਸ਼ਾਂ ਦੇ



Sri Satguru Jagjit Singh Ji eLibrary NamdhariElibrary@gmail.com

ਚੱਕਰ ਵਿਚੋਂ ਕਢਣ ਲਈ ਗਏ ਸਨ। ਉਨ੍ਹਾਂ ਨੇ ਪਾਂਡਿਆਂ ਅਤੇ ਹੋਰ ਯਾਤਰੀਆਂ ਨੂੰ ਇਕ ਥਾਂ ਬਿਠਾ ਲਿਆ ਅਤੇ ਦਲੀਲਾਂ ਦੇ ਦੇ ਕੇ ਸਮਝਾਇਆ ਕਿ ਤੁਹਾਡਾ ਇਹ ਆਟਾ ਪਿਤਰਾਂ ਤੱਕ ਨਹੀਂ ਪਹੁੰਚ ਸਕਦਾ, ਇਹ ਤਾਂ ਮੱਛੀਆਂ ਦੀ ਖੁਰਾਕ ਬਣਕੇ ਹੀ ਰਹਿ ਗਿਆ ਹੈ।

ਇਉਂ ਥਾਂ ਥਾਂ ਫਿਰ ਕੇ ਭੁੱਲੜ ਲੋਕਾਂ ਦੇ ਵਹਿਮ ਭਰਮ ਦੂਰ ਕਰਦੇ ਅਤੇ ਸੁਚੱਜੀ ਜੀਵਨ-ਜਾਚ ਸਿਖਾਉਂਦੇ ਹੋਏ ਗੁਰੂ ਜੀ ਪਟਨੇ ਪਹੁੰਚ ਗਏ। ਗੁਰੂ ਨਾਨਕ ਦੇਵ ਜੀ ਵੀ ਆਪਣੀ ਪਹਿਲੀ ਉਦਾਸੀ ਸਮੇਂ ਇਥੇ ਆਏ ਸਨ ਅਤੇ ਦੋ ਚਾਰ ਮਹੀਨੇ ਇਥੇ ਠਹਿਰੇ ਸਨ। ਆਪ ਦੇ ਉਪਦੇਸ਼ਾਂ ਦਾ ਸਦਕਾ ਸੈਂਕੜੇ ਪਟਨਾ ਨਿਵਾਸੀ ਆਪ ਦੇ ਸ਼ਰਧਾਲੂ ਬਣ ਗਏ ਸਨ। ਗੁਰਬਾਣੀ ਵਿਚ ਉਨ੍ਹਾਂ ਦਾ ਵਿਸ਼ਵਾਸ਼ ਬਝ ਚੁੱਕਾ ਸੀ ਜੋ ਅੱਜ ਤਕ ਕਾਇਮ ਸੀ। ਗੁਰੂ ਘਰ ਦੇ ਸ਼ਰਧਾਲੂਆਂ ਨੂੰ ਜਦ ਖਬਰ ਮਿਲੀ ਕਿ ਗੁਰੂ ਨਾਨਕ ਦੀ ਗੱਦੀ ਉਤੇ ਬਿਰਾਜਮਾਨ ਨਵੇਂ ਸਤਿਗੁਰੂ ਪਟਨਾ ਵਿਖੇ ਪਧਾਰ ਰਹੇ ਹਨ ਤਾਂ ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਅਗਲਵਾਂਢੀ ਹੋ ਕੇ ਗੁਰੂ ਜੀ ਦਾ ਸਵਾਗਤ ਕੀਤਾ ਤੇ ਸ਼ਹਿਰੋਂ ਬਾਹਰ ਇਕ ਬਾਗ ਵਿਚ ਉਤਾਰਾ ਕਰਵਾ ਦਿੱਤਾ। ਇਹ ਬਾਗ ਅਜ ਕਲ੍ਹ 'ਗੁਰੂ ਕਾ ਬਾਗ' ਕਰਕੇ ਪ੍ਰਸਿੱਧ ਹੈ। ਫਿਰ ਭਾਈ ਜੈਤਾ ਨਾਂ ਦਾ ਇਕ ਪਰੇਮੀ ਸਿਖ ਆਪਣੇ ਘਰ ਲੈ ਗਿਆ। ਕੁਝ ਦਿਨ ਭਾਈ ਜੈਤੇ ਦੇ ਘਰ ਨਾਮ ਬਾਣੀ ਦੀ ਛਹਿਬਰ ਲੱਗੀ ਰਹੀ। ਫਿਰ ਸਤਿਗੁਰਾਂ ਦੇ ਪ੍ਰਵਾਰ ਅਤੇ ਬਾਕੀ ਸੰਗਤ ਵਾਸਤੇ ਲੋੜ ਅਨੁਸਾਰ ਰਿਹਾਇਸ਼ੀ ਪ੍ਰਬੰਧ ਹੋ ਗਏ।

ਇਕ ਦਿਨ ਕੁਝ ਸਿੱਖਾਂ ਨੇ ਇਕੱਠੇ ਹੋ ਕੇ ਗੁਰੂ ਜੀ ਪਾਸ ਸ਼ਕਾਇਤ ਕੀਤੀ ਕਿ ਭਾਈ ਜੈਤਾ ਬੜਾ ਗੰਦਾ ਬਣਿਆ ਰਹਿੰਦਾ ਹੈ ਅਤੇ ਕਈ ਕਈ ਦਿਨ ਇਸ਼ਨਾਨ ਨਹੀਂ ਕਰਦਾ। ਸਤਿਗੁਰਾਂ ਨੇ ਇਸ ਗੱਲ ਦੀ ਪੜਤਾਲ ਕਰਨ ਵਾਸਤੇ ਦੋ ਸਿੱਖਾਂ ਦੀ ਇਕ ਕਮੇਟੀ ਬਣਾ ਦਿੱਤੀ। ਦੋਵੇਂ ਸਿੱਖ ਰਾਤ ਦਿਨੇ ਜਾਗਦੇ ਰਹਿੰਦੇ ਤੇ ਭਾਈ ਜੈਤੇ ਦੇ ਪਿਛੇ ਪਿਛੇ ਜਾਕੇ ਪਤਾ ਲਾਉਂਦੇ ਰਹਿੰਦੇ। ਕੁਝ ਦਿਨਾਂ ਪਿਛੋਂ ਇਸ ਕਮੇਟੀ ਨੇ ਰੀਪੋਟ ਦਿਤੀ ਕਿ ਭਾਈ ਜੈਤਾ ਅੱਧੀ ਰਾਤ



Sri Satguru Jagjit Singh Ji eLibrary NamdhariElibrary@gmail.com

ਰਹਿੰਦਿਆਂ ਜਾਗਦਾ ਹੈ। ਇਸ਼ਨਾਨ ਪਾਣੀ ਕਰਕੇ ਸਾਫ ਕਪੜੇ ਪਹਿਨਦਾ ਹੈ। ਨਿਤਨੇਮ ਕਰਦਾ ਹੈ। ਦਿਨ ਚੜ੍ਹਨ ਤੋਂ ਪਹਿਲਾਂ ਹੀ ਪੁਰਾਣੇ ਕਪੜੇ ਪਾ ਕੇ ਆਪਣੇ ਕੰਮ ਤੇ ਤੁਰ ਜਾਂਦਾ ਹੈ। ਗੁਰੂ ਜੀ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਈ ਤੇ ਸ਼ਕਾਇਤ ਕਰਨ ਵਾਲਿਆਂ ਨੂੰ ਸ਼ਰਮਸਾਰ ਹੋਣਾ ਪਿਆ।

ਗੁਰੂ ਜੀ ਪੂਰਬ ਵਲ ਹੋਰ ਅਗੇ ਬੰਗਾਲ, ਆਸਾਮ ਆਦਿ ਪਰਾਂਤਾਂ ਦਾ ਦੌਰਾ ਕਰਨਾ ਚਾਹੁੰਦੇ ਸਨ। ਸਫਰ ਦੀਆਂ ਔਕੜਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਆਪ ਨੇ ਪਰਵਾਰ ਨੂੰ ਪਟਨੇ ਛਡ ਦਿੱਤਾ ਤੇ ਆਪ ਮੁੰਘੇਰ, ਰਾਜ ਮਹੱਲ ਭਾਗਲਪੁਰ, ਮਾਲਵਾ, ਮੁਰਸ਼ਦਾਬਾਦ ਠਹਿਰਦੇ ਹੋਏ ਢਾਕਾ ਪਹੁੰਚ ਗਏ। ਕੁਝ ਦਿਨ ਇਥੇ ਅਟਕ ਕੇ ਆਸਾਮ ਵਲ ਮੂੰਹ ਕਰ ਲਿਆ।

ਬਾੜ ਨਦੀ ਦੇ ਇਕ ਪਾਸੇ 'ਅਹੋਮ' ਨਾਮ ਦਾ ਇਕ ਜਾਂਗਲੀ ਕਬੀਲਾ ਵਸਦਾ ਹੈ। ਇਹ ਲੋਕ ਬੜੇ ਮਨਚਲੇ ਤੇ ਖੂਨ-ਖਾਰ ਹਨ। ਜਹਾਂਗੀਰ ਅਤੇ ਸ਼ਾਹ ਜਹਾਨ ਦੇ ਵੇਲੇ ਇਹ ਲੋਕ ਕਈ ਵੇਰ ਮੁਗਲ ਸੈਨਾ ਨਾਲ ਲੋਹਾ ਲੈ ਚੁੱਕੇ ਸਨ। ਜਦ ਮੁਗਲ ਸ਼ਕਤੀ ਇਕੱਠੀ ਹੋ ਕੇ ਪੈਂਦੀ ਤਾਂ ਇਹ ਜੰਗਲਾਂ ਤੇ ਪਹਾੜਾਂ ਵਿਚ ਜਾ ਲੁਕਦੇ ਅਤੇ ਜਦ ਮੌਕਾ ਮਿਲਦਾ ਫਿਰ ਸਿਰ ਚੁੱਕ ਲੈਂਦੇ। ਇਸਤਰ੍ਹਾਂ ਇਹ ਲੋਕ ਮੁਗਲਾਂ ਨਾਲ ਕਈ ਸਾਲਾਂ ਤੋਂ ਲੁਕਣਮਿਚੀ ਖੇਡਦੇ ਚਲੇ ਆ ਰਹੇ ਸਨ।

ਦਿੱਲੀ ਦੇ ਤਖਤ ਤੇ ਕਬਜ਼ਾ ਕਰਨ ਤੋਂ ਪਿਛੋਂ ਔਰੰਗਜ਼ੇਬ ਨੇ ਇਸ ਪਾਸੇ ਧਿਆਨ ਦਿੱਤਾ ਤੇ ਆਪਣੇ ਇਕ ਇਤਬਾਰੀ ਜਰਨੈਲ ਮੀਰ ਜੁਮਲਾ ਨੂੰ ਭੇਜਿਆ। ਮੀਰ ਜੁਮਲਾ ਢੇਰ ਸਮਾਂ ਟੱਕਰਾਂ ਮਾਰਦਾ ਰਿਹਾ ਤੇ ਅੰਤ ਮਲੇਰੀਏ ਤਾਪ ਨਾਲ ਮਰ ਗਿਆ।

ਮੀਰ ਜੁਮਲਾ ਤੋਂ ਪਿਛੋਂ ਇਹ ਜ਼ਿਮੇਂਵਾਰੀ ਰਾਜਪੂਤ ਰਾਜਾ ਰਾਮ ਸਿੰਘ ਨੂੰ ਸੌਂਪੀ ਗਈ। ਇਤਿਹਾਸਕਾਰ ਦੱਸਦੇ ਹਨ ਕਿ ਇਸ ਪਿਛੇ ਵੀ ਇਕ ਰਾਜਨੀਤਕ ਚਾਲ ਕੰਮ ਕਰ ਰਹੀ ਸੀ। ਦੱਖਣ ਦਾ ਸੂਰਬੀਰ ਮਰਹੱਟਾ ਆਗੂ ਸ਼ਿਵਾ ਜੀ, ਭੇਸ ਬਦਲ ਕੇ ਕੈਦ ਵਿਚੋਂ



Sri Satguru Jagjit Singh Ji eLibrary NamdhariElibrary@gmail.com

ਨੱਠ ਜਾਣ ਵਿਚ ਸਫਲ ਹੋ ਗਿਆ ਸੀ। ਔਰੰਗਜ਼ੇਬ ਨੂੰ ਸ਼ੱਕ ਸੀ ਕਿ ਇਸ ਘਟਨਾ ਵਿਚ ਰਾਜਾ ਰਾਮ ਸਿੰਘ ਦਾ ਹੱਥ ਹੈ। ਉਹ ਖੁਲ੍ਹੇ ਤੌਰ ਤੇ ਰਾਮ ਸਿੰਘ ਉਤੇ ਦੋਸ਼ ਥੱਪ ਕੇ, ਰਾਜਪੂਤ ਰਾਜਿਆਂ ਨਾਲ ਬਣੇ ਸੰਬੰਧਾਂ ਨੂੰ ਤੋੜਨ ਤੋਂ ਸੰਕੋਚ ਕਰਦਾ ਸੀ। ਉਹ ਰਾਜਾ ਰਾਮ ਸਿੰਘ ਨੂੰ ਕਿਸੇ ਅਜਿਹੀ ਕੁੜਿਕੀ ਵਿਚ ਫਸਾਉਣਾ ਚਾਹੁੰਦਾ ਸੀ ਜਿਥੋਂ ਉਹ ਬਚ ਕੇ ਨਾ ਨਿਕਲ ਸਕੇ। ਇਉਂ ਰਾਜਾ ਰਾਮ ਸਿੰਘ ਨੂੰ ਆਸਾਮ ਦੀ ਮੁਹਿੰਮ ਤੇ ਭੇਜ ਕੇ ਉਹ ਇਕੋ ਤੀਰ ਨਾਲ ਦੋ ਨਿਸ਼ਾਨੇ ਫੁੰਡਣਾ ਚਾਹੁੰਦਾ ਸੀ।

ਰਾਜਾ ਰਾਮ ਸਿੰਘ ਔਰੰਗਜ਼ੇਬ ਦੀ ਨੀਤ ਨੂੰ ਭਾਂਪ ਤਾਂ ਗਿਆ ਪਰ ਉਹ ਮੋਰਚੇ ਉਤੇ ਜਾਣ ਤੋਂ ਨਾਂਹ ਕਰਕੇ ਆਪਣੀ ਰਾਜਪੂਤੀ ਅਣਖ ਨੂੰ ਵੱਟਾ ਨਹੀਂ ਸੀ ਲਵਾਉਣਾ ਚਾਹੁੰਦਾ। ਉਸ ਨੇ ਹੁਕਮ ਮਿਲਦਿਆਂ ਹੀ ਤਿਆਰੀ ਸ਼ੁਰੂ ਕਰ ਦਿੱਤੀ। ਮੁਗਲ ਫੌਜ ਵਿਚੋਂ ਉਸਨੂੰ ਕੇਵਲ ਡੇਢ ਹਜ਼ਾਰ ਸਿਪਾਹੀ ਦਿੱਤੇ ਗਏ ਸਨ, ਬਹੁਤਾ ਭਾਰ ਉਸ ਨੂੰ ਆਪਣੇ ਮੋਢਿਆਂ ਤੇ ਹੀ ਚੁੱਕਣਾ ਪਿਆ ਸੀ।

ਬਾੜ ਨਦੀ ਦੇ ਕੰਢੇ ਤੇ ਰਾਜਾ ਰਾਮ ਸਿੰਘ ਦੀਆਂ ਅਹੋਮੀਆਂ ਨਾਲ ਕਈ ਟੱਕਰਾਂ ਹੋਈਆਂ ਪ੍ਰੰਤੂ ਸਿੱਟਾ ਕੋਈ ਨਾ ਨਿਕਲ ਸਕਿਆ। ਇਕ ਹੋਰ ਰੁਕਾਵਟ ਇਹ ਸੀ ਕਿ ਗੋਹਾਟੀ ਦੇ ਮੁਗਲ ਫੌਜਦਾਰ ਰਸ਼ੀਦ ਖਾਂ ਦਾ ਉਸਨੂੰ ਸਹਿਯਗ ਪ੍ਰਾਪਤ ਨਹੀਂ ਸੀ। ਰਸ਼ੀਦ ਖਾਂ, ਔਰੰਗਜ਼ੇਬ ਦੇ ਇਸ਼ਾਰੇ ਉਤੇ ਚਲਦਾ ਹੋਇਆ ਰਾਮ ਸਿੰਘ ਦੀ ਸਹਾਇਤਾ ਕਰਨ ਦੀ ਥਾਂ ਸਗੋਂ ਕਈ ਰੁਕਾਵਟਾਂ ਪੈਦਾ ਕਰਦਾ ਸੀ।

ਗੁਰੂ ਤੇਗ ਬਹਾਦਰ ਜੀ ਇਨ੍ਹਾਂ ਦਿਨਾਂ ਵਿਚ ਆਸਾਮ ਦੇ ਇਸ ਭਾਗ ਦਾ ਦੌਰਾ ਕਰ ਰਹੇ ਸਨ। ਜਿਥੇ ਭੀ ਆਪਦਾ ਡੇਰਾ ਹੁੰਦਾ, ਜੰਗਲ ਵਿਚ ਮੰਗਲ ਲੱਗ ਜਾਂਦਾ। ਰੱਬੀ ਬਾਣੀ ਦਾ ਕੀਰਤਨ ਮਨੁੱਖੀ ਹਿਰਦਿਆਂ ਨੂੰ ਹਲੂਣ ਜਾਂਦਾ। ਉਨ੍ਹਾਂ ਦੇ ਦਿਤੇ ਹੋਏ ਉਪਦੇਸ਼ ਮਨੁੱਖਾਂ ਵਿਚੋਂ ਪਸ਼ੂਪੁਣਾ ਖਤਮ ਕਰਕੇ ਦੈਵੀ ਗੁਣ ਭਰ ਦਿੰਦੇ।

ਰਾਜਾ ਰਾਮ ਸਿੰਘ ਦੀ ਗੁਰੂ ਘਰ ਉਤੇ ਸ਼ਰਧਾ ਪੁਰਾਣੀ ਚਲੀ ਆਉਂਦੀ ਸੀ। ਰਾਮ ਰਾਇ ਦੀ ਚੁਕਣਾ ਤੇ ਜਦ ਔਰੰਗਜ਼ੇਬ



Sri Satguru Jagjit Singh Ji eLibrary NamdhariElibrary@gmail.com

ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਭੇਜਿਆ ਸੀ ਤਾਂ ਗੁਰੂ ਜੀ ਦਿੱਲੀ ਵਿਚ ਉਸਦੇ ਪਿਤਾ ਰਾਜਾ ਜੈ ਸਿੰਘ ਪਾਸ ਹੀ ਠਹਿਰੇ ਸਨ ਤੇ ਜੈ ਸਿੰਘ ਨੇ ਹੀ ਔਰੰਗਜ਼ੇਬ ਨੂੰ ਅਸਲੀਅਤ ਤੋਂ ਜਾਣੂ ਕਰਾਉਂਦਿਆਂ ਹੋਇਆਂ ਉਸਦੇ ਮਨ ਦਾ ਧੁੰਧਲਾਪਣ ਦੂਰ ਕੀਤਾ ਸੀ। ਰਾਜਾ ਰਾਮ ਸਿੰਘ ਕੁਝ ਸਾਥੀਆਂ ਸਮੇਤ ਗੁਰੂ ਜੀ ਦੇ ਦਰਬਾਰ ਹਾਜ਼ਰ ਹੋ ਗਿਆ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਗੁਰੂ ਜੀ ਅਤੇ ਰਾਜਾ ਰਾਮ ਸਿੰਘ ਨੇ ਵਰਤਮਾਨ ਰਾਜਸੀ ਅਵਸਥਾ ਅਤੇ ਬੀਤ ਰਹੇ ਸਮੇਂ ਬਾਰੇ ਵਿਚਾਰ ਵਟਾਂਦਰਾ ਕੀਤਾ। ਰਾਮ ਸਿੰਘ ਇਥੋਂ ਦੇ ਜੀਵਨ ਤੋਂ ਤੰਗ ਪੈ ਚੁਕਾ ਸੀ। ਸ਼ਾਂਤੀ ਦੇ ਪੁੰਜ ਸਤਿਗੁਰਾਂ ਨੇ ਉਸ ਦੇ ਵਿਚਾਰਾਂ ਅੰਦਰ ਹੋਰ ਦਰਿੜਤਾ ਭਰੀ ਤੇ ਦੋਹਾਂ ਧਿਰਾਂ ਦੇ ਆਗੂਆਂ ਨਾਲ ਗਲ ਬਾਤ ਕਰਕੇ ਹੋ ਰਹੇ ਖੂਨ ਖਰਾਬੇ ਨੂੰ ਬੰਦ ਕਰਵਾ ਦਿੱਤਾ। ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਦੋਹਾਂ ਧਿਰਾਂ ਨੇ ਗੁਰੂ ਜੀ ਦੇ ਫੈਸਲੇ ਉਤੇ ਫੁੱਲ ਚੜ੍ਹਾਏ ਤੇ ਖੁਸ਼ੀ ਪ੍ਰਗਟ ਕੀਤੀ। ਗੁਰੂ ਜੀ ਇਸ ਸਮੇਂ ਦਰਿਆ ਬ੍ਰਹਮ ਪੁਤਰ ਦੇ ਕੰਢੇ ਧੂਬੜੀ ਨਾਂ ਦੇ ਨਗਰ ਦੇ ਪਾਸ ਨਿਵਾਸ ਰੱਖਦੇ ਸਨ। ਲੜਾਈ ਖਤਮ ਹੋਣ ਸਮੇਂ ਦੋਵਾਂ ਪਾਸਿਆਂ ਦੇ ਫੌਜੀ ਜਵਾਨਾਂ ਨੇ ਆਪੋ ਆਪਣੀਆਂ ਢਾਲਾਂ ਮਿੱਟੀ ਨਾਲ ਭਰ ਕੇ ਲਿਆਂਦੀਆਂ ਤੇ ਇਕ ਥਾਂ ਮਿੱਟੀ ਦਾ ਵੱਡਾ ਢੇਰ ਲਗ ਗਿਆ। ਇਸ ਮਿੱਟੀ ਨੂੰ ਪੱਧਰਾ ਕਰਕੇ ਗੁਰੂ ਜੀ ਦੇ ਬੈਠਣ ਵਾਸਤੇ ਇਕ ਥੜਾ ਤਿਆਰ ਕੀਤਾ ਗਿਆ। ਇਹ ਘਟਨਾ ਫਰਵਰੀ 1669 ਦੀ ਹੈ। ਸ਼ਾਂਤੀ ਦੀ ਪ੍ਰਤੀਕ ਇਹ ਯਾਦਗਾਰ ਅੱਜ ਤਕ ਕਾਇਮ ਹੈ ਤੇ ਇਸ ਥਾਂ 'ਧੋਬੜੀ ਸਾਹਿਬ' ਗੁਰਦੁਆਰਾ ਸੁਸ਼ੋਭਤ ਹੈ।

ਆਸਾਮ ਤੋਂ ਵਾਪਸ ਮੁੜਦੇ ਹੋਏ ਆਪ ਇਕ ਵੇਰ ਫਿਰ ਢਾਕੇ ਗਏ। ਇਥੋਂ ਪਬਨਾ, ਚੋਦੰਗਾ, ਬਾਨਪੁਰ, ਬੈਰਕਪੁਰ ਦੇ ਰਸਤੇ ਕਲਕੱਤੇ ਪਹੁੰਚੇ। ਕੁਝ ਦਿਨ ਕਲਕੱਤੇ ਰਹਿਕੇ ਆਪ ਉੜੀਸਾ ਪਰਾਂਤ ਵਿਚ ਕਟਕ, ਭਬਨੇਸ਼ਵਰ, ਜਗਨਨਾਥ ਪੁਰੀ ਆਦਿ ਥਾਵਾਂ ਉਤੇ ਭੀ ਗਏ। ਆਪ ਇਥੇ ਦੋ ਹਫਤੇ ਠਹਿਰੇ ਤੇ ਵਿਦਵਾਨ ਪੰਡਤਾਂ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ। ਇਥੋਂ ਅੱਗੇ ਆਪ



Sri Satguru Jagjit Singh Ji eLibrary NamdhariElibrary@gmail.com

ਮਦਰਾਸ, ਲੰਕਾ ਵਲ ਜਾਣਾ ਚਾਹੁੰਦੇ ਸਨ ਪਰੰਤੂ ਉਤਰੀ ਭਾਰਤ ਵਿਚ ਹਾਲਾਤ ਵਧੇਰੇ ਖਰਾਬ ਹੋ ਜਾਣ ਕਰਕੇ ਆਪ ਨੇ ਪਿਛਾਂਹ ਮੁੜਨ ਦਾ ਇਰਾਦਾ ਕਰ ਲਿਆ।

ਮਜ਼ਬੀ ਜਨੂੰਨ ਔਰੰਗਜ਼ੇਬ ਦੇ ਸਿਰ ਉਤੇ ਸਵਾਰ ਸੀ। ਉਸ ਨੇ ਹਿੰਦੂਆਂ ਦੀਆਂ ਪਾਠਸ਼ਾਲਾਂ ਤੇ ਮੰਦਰ ਢਾਹ ਕੇ ਉਨ੍ਹਾਂ ਦੀਆਂ ਰਸਮਾਂ ਬੰਦ ਕਰਨ ਦਾ ਹੁਕਮ ਦੇ ਦਿਤਾ। ਹਿੰਦੂਆਂ ਨੂੰ ਸਰਕਾਰੀ ਨੌਕਰੀਆਂ ਵਿਚੋਂ ਕੱਢ ਦਿਤਾ ਗਿਆ ਅਤੇ ਹਿੰਦੂ ਕੌਮ ਤੇ ਅਨੇਕਾਂ ਜ਼ੁਲਮ ਢਾਹੇ ਗਏ। ਉਸ ਨੂੰ ਇਹ ਵੀ ਚਿੜ ਸੀ ਕਿ ਚੰਗੇ ਹਿੰਦੂ ਤੇ ਮੁਸਲਮਾਨ ਗੁਰੂ ਜੀ ਨੂੰ 'ਸੱਚਾ ਪਾਤਸ਼ਾਹ' ਆਖ ਕੇ ਕਿਉਂ ਪੂਜਦੇ ਹਨ। ਗੁਰੂ ਤੇਗ ਬਹਾਦਰ ਜੀ ਇਹ ਜ਼ੁਲਮ ਵੇਖ ਕੇ ਜਰ ਨਾ ਸਕੇ, ਉਹ ਹਿੰਦੂ ਧਰਮ ਦੀ ਰਖਿਆ ਕਰਨ ਖਾਤਰ ਅਨੰਦਪੁਰ ਪੁੱਜ ਗਏ। ਇਥੇ ਹੀ ਮਟਨ ਦੇ ਪੰਡਤ ਕਿਰਪਾ ਰਾਮ ਦੱਤ, ਸਰਸਵਤ ਬ੍ਰਾਹਮਣ ਦੀ ਅਗਵਾਈ ਹੇਠ ਕਸ਼ਮੀਰੀ ਪੰਡਤਾਂ ਦਾ ਇਕ ਜਥਾ ਗੁਰੂ ਸਾਹਿਬ ਦੇ ਦਰਬਾਰ ਵਿਚ ਪੁੱਜਾ। ਉਨ੍ਹਾਂ ਨੇ ਕਸ਼ਮੀਰ ਵਿਚ ਹੋ ਰਹੇ ਮੁਗਲਈ ਜ਼ੁਲਮਾਂ ਦੀ ਦਰਦਨਾਕ ਕਹਾਣੀ ਸੁਣਾਈ ਤੇ ਗੁਰੂ ਜੀ ਨੂੰ ਬਹੁੜੀ ਕਰਨ ਲਈ ਬੇਨਤੀ ਕੀਤੀ। ਜੋ ਇਸ ਪ੍ਰਕਾਰ ਸੀ:-

ਦੁਖੀਏ ਬਿਪ੍ਰ ਜੁ ਚਲ ਕੇ ਆਏ ਪੁਰੀ ਅਨੰਦ।
ਬਾਂਹਿ ਅਸਾਡੀ ਪਕੜੀਏ, ਹਰਿ ਗੋਬਿੰਦ ਕੇ ਚੰਦ।
ਹਾਥ ਜੋਰ ਕਹਿਯੋ ਕਿਰਪਾ ਰਾਮ,
ਦੱਤ ਬ੍ਰਾਹਮਣ ਮੱਟਨ ਗ੍ਰਾਮ।
ਹਮਰੋ ਬਲ ਅਬ ਰਹਿਯੋ ਨਹਿ ਕਾਈ,
ਹੇ ਗੁਰ ਤੇਗ ਬਹਾਦਰ ਰਾਈ।

(ਸ਼ਹੀਦ ਬਿਲਾਸ ਭਾਈ ਮਨੀ ਸਿੰਘ ਪੰਨਾ 59)

ਗੁਰੂ ਜੀ ਨੇ ਹਿੰਦੂ ਜਾਤੀ ਦੇ ਤਿਲਕ ਜੰਞੂ ਦੀ ਰਖਿਆ ਲਈ ਆਪਣੇ ਆਪ ਨੂੰ ਕੁਰਬਾਨ ਕਰਨ ਦਾ ਫੈਸਲਾ ਕਰ ਲਿਆ ਅਤੇ ਜ਼ੁਲਮ ਵਿਰੁੱਧ ਪ੍ਰਚਾਰ ਕਰਦੇ ਹੋਏ ਦਿੱਲੀ ਵਲ ਚੱਲ ਪਏ। ਵਿਲੀਅਮ ਅਰਵਿਨ ਅਨੁਸਾਰ ਔਰੰਗਜ਼ੇਬ ਵਲੋਂ ਗੁਰੂ ਜੀ ਦੀ



Sri Satguru Jagjit Singh Ji eLibrary NamdhariElibrary@gmail.com

ਗ੍ਰਿਫਤਾਰੀ ਦਾ ਹੁਕਮ ਹੋ ਚੁੱਕਾ ਸੀ, ਜਿਸਦੇ ਮੁਤਾਬਿਕ ਫੌਜ ਨੇ ਗੁਰੂ ਜੀ ਨੂੰ ਆਗਰੇ ਤੋਂ ਗ੍ਰਿਫਤਾਰ ਕਰ ਲਿਆ। ਦਿੱਲੀ ਵਿਚ ਢਾਈ ਤਿੰਨ ਮਹੀਨੇ ਆਪ ਉਤੇ ਮੁਸਲਮਾਨ ਹੋਣ ਲਈ ਜ਼ੋਰ ਪਾਇਆ ਜਾਂਦਾ ਰਿਹਾ। ਆਪ ਦੇ ਸਾਥੀ ਸਿੱਖਾਂ ਨੂੰ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਅਖੀਰ ਵਿਚ ਆਪ ਨੂੰ 11 ਨਵੰਬਰ ਸੰਨ 1675 ਈ: ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਧੜ ਨਾਲੋਂ ਸੀਸ ਅੱਡ ਕਰਕੇ ਸ਼ਹੀਦ ਕੀਤਾ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਖਸੀਅਤ, ਸਮੁੱਚੀ ਮਾਨਵਤਾ ਨੂੰ ਆਦਰਸ਼ਕ ਜੀਵਨ ਜੀਉਣ ਦੀ ਜਾਚ ਸਿਖਾ ਰਹੀ ਹੈ। ਆਪ ਤਿਆਗ ਤੇ ਕੁਰਬਾਨੀ ਦੇ ਮੁਜੱਸਮ ਸਨ। ਆਪ ਸ਼ਹੀਦ ਬਾਬਾ ਦੇ ਪੋਤਰੇ ਸਨ। ਆਪ ਨੇ ਗੁਰੂ ਅਰਜਨ ਦੇਵ ਜੀ ਦੀ ਚਲਾਈ ਹੋਈ ਸ਼ਹਾਦਤ ਦੀ ਲੜੀ ਨੂੰ ਅੱਗੇ ਤਰਿਆ। ਆਪ ਸ਼ਹੀਦ ਹੋਏ। ਆਪ ਦੀ ਸੁਪਤਨੀ ਜੀ ਸ਼ਹੀਦ ਹੋਏ। ਆਪ ਦੇ ਸਪੁੱਤਰ ਤੇ ਚਾਰ ਸਪੋਤਰੇ ਸ਼ਹੀਦ ਹੋਏ ਅਤੇ ਆਪ ਦੇ ਅਨੇਕਾਂ ਸ਼ਰਧਾਲੂ ਸਿੱਖ, ਜ਼ੁਲਮ ਦਾ ਨਾਸ਼ ਕਰਨ ਤੇ ਸੱਚ ਧਰਮ ਦਾ ਪ੍ਰਕਾਸ਼ ਕਰਨ ਹਿੱਤ ਬੇਮਿਸਾਲ ਕੁਰਬਾਨੀਆਂ ਕਰ ਗਏ।

ਆਪ ਬਚਪਨ ਵਿਚ ਹੀ ਅਲੌਕਿਕ ਗੁਣਾਂ ਦੇ ਭੰਡਾਰ ਸਨ। ਆਪ ਪੂਰਨ ਸੰਤੋਖੀ, ਗੰਭੀਰ. ਧੀਰਜਵਾਨ, ਵੈਰਾਗ ਮੂਰਤ, ਸਾਦਾ ਸੁਭਾਉ, ਦੂਰ ਦਰਸ਼ੀ ਤੇ ਉਦਾਰਤਾ ਦਾ ਸਰੂਪ ਸਨ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਿਆਕਾਰ ਸਪੁੱਤਰ ਸਨ। ਗੁਰੂ ਪਿਤਾ ਜੀ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਆਪ ਦਾ ਪਰਮ ਅਸੂਲ ਸੀ। ਜੇ ਪਿਤਾ ਜੀ ਵਲੋਂ ਕਰਤਾਰ ਪੁਰ ਵਿਚ ਤਲਵਾਰ ਦਲਾਉਣ ਦੀ ਆਗਿਆ ਹੋਈ ਤਾਂ ਹੱਦ ਕਰ ਵਿਖਾਈ। ਜੇ ਨਾਨਕੇ ਜਾ ਨਿਵਾਸ ਕਰਨ ਦਾ ਹੁਕਮ ਹੋਇਆ ਤਾਂ ਵੀਹ ਸਾਲ ਬਕਾਲੇ ਪਿੰਡ ਵਿਚ ਹੀ ਤਪ ਸਾਧਦੇ ਰਹੇ।

ਵਿਆਹੇ ਜਾਣ ਤੋਂ ਪਿਛੋਂ ਆਪਣੀ ਸੁਪਤਨੀ ਮਾਤਾ ਗੁਜਰੀ ਜੀ ਨੂੰ ਸੱਤ, ਸੰਤੋਖ, ਧੀਰਜ ਧਾਰਨ ਕਰਨ ਦਾ ਉਪਦੇਸ਼ ਦਰਿੜ



Sri Satguru Jagjit Singh Ji eLibrary NamdhariElibrary@gmail.com

ਕਰਾਇਆ। ਜੇ ਪੂਰਬ ਦੇ ਦੌਰੇ ਜਾਂਦਿਆਂ ਆਪ ਆਪਣੇ ਪਰਵਾਰ ਨੂੰ ਪਟਨੇ ਛੱਡ ਗਏ ਤਾ ਉਸਦੀ ਸੰਭਾਲ ਨੂੰ ਆਪਣਾ ਗ੍ਰਹਿਸਥੀ ਫਰਜ਼ ਸਮਝਦਿਆਂ ਹੋਇਆਂ ਪਟਨੇ ਦੀ ਸੰਗਤ ਨੂੰ ਉਨ੍ਹਾਂ ਦੀ ਸੇਵਾ ਕਰਨ ਦਾ ਹੁਕਮ ਇਕ ਹੁਕਮਨਾਮੇ ਰਾਹੀਂ ਇਉਂ ਦਿੱਤਾ:-

ਕੋਈ ਅੱਵਲ ਹਵੇਲੀ ਹੋਵੈ, ਬੜੀ ਹੋਵੈ,
ਤਿਸ ਮੋ ਕਬੀਲੇ ਹਮਾਰੇ ਰਖਣੈ॥

ਆਉਣ ਵਾਲੇ ਸਮੇਂ ਦੀਆਂ ਸਮੱਸਿਆਵਾਂ ਨੂੰ ਮੁਖ ਰੱਖਕੇ ਉਨ੍ਹਾਂ ਦਾ ਟਾਕਰਾ ਕਰਨ ਦੇ ਸਮਰੱਥ ਬਨਾਉਣ ਲਈ, ਬਾਲਕ ਗਬਿੰਦ ਰਾਇ ਜੀ ਨੂੰ 'ਦੀਨੀ ਭਾਂਤ ਭਾਂਤ ਕੀ ਸਿੱਛਾ।' ਅਤੇ ਇਸ ਸੱਚੀ ਸਿਖਿਆ ਦ ਤੁਫੇਲ ਗੋਬਿੰਦ ਰਾਇ ਜੀ ਦੀ ਪ੍ਰੀਖਿਆ ਹੋਈ ਤਾਂ ਆਪ 'ਜਗਤ ਉਧਾਰ' ਦੀ ਜ਼ਿੰਮੇਵਾਰੀ ਚੁੱਕਣ ਲਈ ਪੂਰੇ ਤੌਰ ਤੇ ਤਿਆਰ ਬਰ ਤਿਆਰ ਸਾਬਤ ਹੋਏ। ਗੁਰੂ ਤੇਗ ਬਹਾਦਰ ਜੀ ਨ ਆਪਣੀ ਸ਼ਹਾਦਤ ਦੇਣ ਤੋਂ ਪਹਿਲਾਂ ਨੌਂ ਸਾਲਾ ਬਾਲਕ ਗੋਬਿੰਦ ਰਾਇ ਜੀ ਨੂੰ ਉਨ੍ਹਾਂ ਦੀ ਪਰਖ ਕਰਨ ਲਈ ਇਹ ਦੋਹਰਾ ਲਿਖ ਕੇ ਘਲਿਆ:-

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

ਇਹ ਦੋਹਰਾ ਪੜ੍ਹ ਕੇ (ਗੁਰੂ) ਗੋਬਿੰਦ ਰਾਇ ਜੀ ਨੇ ਇਸ ਦੇ ਉਤਰ ਵਿਚ ਇਹ ਦੋਹਰਾ ਲਿਖ ਭੇਜਿਆ:-

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭੁ ਕਿਛੁ ਤੁਮਰੈ ਹਾਥਿ ਮਹਿ ਤੁਮ ਹੀ ਹੋਤ ਸਹਾਇ।

(ਨੋਟ: ਪੁਰਾਤਨ ਹੱਥ ਲਿਖਤ ਬੀੜਾਂ ਵਿਚ ਇਸ ਦੋਹਰੇ ਤੋਂ ਪਹਿਲਾਂ ਪਾਤਸ਼ਾਹੀ ੧੦ ਲਿਖਿਆ ਮਿਲਦਾ ਹੈ। ਇਸ ਸਬੂਤ ਤੋਂ ਉਨ੍ਹਾਂ ਲੋਕਾਂ ਦਾ ਇਤਰਾਜ਼ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਭਾਗ ਨਹੀਂ ਹੈ, ਖਤਮ ਹੋ ਜਾਂਦਾ ਹੈ।)

ਜਦ (ਗੁਰੂ) ਗੋਬਿੰਦ ਸਿੰਘ ਜੀ ਦਾ ਇਸ ਦੋਹਰੇ ਰਾਹੀਂ ਉਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ ਤਾਂ ਉਹ ਇਹ



Sri Satguru Jagjit Singh Ji eLibrary NamdhariElibrary@gmail.com

ਜਾਣ ਕੇ ਬੜੇ ਪ੍ਰਸੰਨ ਹੋਏ ਕਿ ਬਾਲਕ ਗੋਬਿੰਦ ਰਾਇ ਜੀ ਹੁਣ ਗੁਰਗੱਦੀ ਦਾ ਬੋਝ ਉਠਾਉਣ ਤੇ ਸਿੱਖ ਕੌਮ ਦੀ ਅਗਵਾਈ ਕਰਨ ਲਈ ਜ਼ਿਮੇਵਾਰੀ ਨਿਭਾਉਣ ਦੇ ਪੂਰਨ ਤੌਰ ਤੇ ਸਮਰੱਥ ਹੋ ਗਏ ਹਨ। ਉਨ੍ਹਾਂ ਨੇ ਪੰਜ ਪੈਸੇ ਤੇ ਨਰੇਲ ਸ੍ਰੀ ਅਨੰਦਪੁਰ ਸਾਹਿਬ ਭੇਜ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਥਾਂ ਗੁਰਗੱਦੀ ਦੇ ਵਾਰਸ ਨੀਯਤ ਕਰ ਦਿੱਤਾ। ਤੇਤੀ ਸਾਲ ਦੇ ਥੜੇ ਸਮੇਂ ਵਿਚ ਸ੍ਰੀ ਗੁਰੂ ਗਬਿੰਦ ਸਿੰਘ ਸਾਹਿਬ ਨੇ ਜੋ ਅਲੌਕਿਕ ਮੁਅਜਜ਼ੇ ਕਰ ਦਿਖਲਾਇ, ਇਹ ਸਭ ਉਨ੍ਹਾਂ ਦੇ ਗੁਰੂ ਪਿਤਾ, ਸਤਿਗੁਰੂ ਤੇਗ ਬਹਾਦਰ ਜੀ ਵਲੋਂ ਦਿਤੀ ਦਵਾਈ ਗਈ 'ਭਾਂਤ ਭਾਂਤ ਕੀ ਸਿਛਾ', ਦਾ ਸਦਕਾ ਹੀ ਸੀ।

ਨੌਵੇਂ ਸਤਿਗੁਰੂ ਜੀ ਨੇ, ਆਦਿ ਗੁਰੂ. ਸਤਿਗੁਰੂ ਨਾਨਕ ਦੇਵ ਜੀ ਵਲੋਂ ਭਾਰਤ ਵਿਚ ਥਾਂ ਥਾਂ ਖਿਲਾਰੇ ਸਿੱਖੀ ਦੇ ਬੀਜ ਦੀ ਪੂਰੀ ਤਰ੍ਹਾਂ ਸੰਭਾਲ ਤੇ ਰਖਵਾਲੀ ਕੀਤੀ ਤੇ ਇਸ ਬੂਟੇ ਨੂੰ ਆਪਣੇ ਅਟੱਲ ਸਚਾਈਆਂ ਭਰਪੂਰ ਉਪਦੇਸ਼ਾਂ ਨਾਲ ਸਿੰਜਰ ਕੇ ਸਦਾ ਵਾਸਤੇ ਅਮਰ ਕਰ ਦਿੱਤਾ। ਆਪ ਜੀ ਵਲੋਂ ਕੀਤ ਗਏ ਪ੍ਰਚਾਰ ਦੌਰਿਆਂ ਹਿੱਤ ਕੀਤਾ ਸਫਰ ਲਗਭਗ ਪੰਜ ਹਜ਼ਾਰ ਮੀਲ ਬਣਦਾ ਹੈ। ਆਪ ਦੇ ਉਪਦੇਸ਼ਾਂ ਦਾ ਸਦਕਾ ਹਜ਼ਾਰਾਂ ਮੁਸਲਮਾਨ ਆਪ ਦੇ ਅਨਿੱਨ ਸਿੱਖ ਤੇ ਸ਼ਰਧਾਲੂ ਬਣ ਗਏ, ਜਿਨ੍ਹਾਂ ਵਿਚ ਸੈਫਦੀਨ ਤੇ ਮੀਰਾਂ ਸ਼ਾਹ ਦੇ ਨਾਂ ਖਾਸ ਤੌਰ ਤੇ ਪਰਸਿੱਧ ਹਨ।

ਗੁਰੂ ਤੇਗ ਬਹਾਦਰ ਸਾਹਿਬ ਨੇ ਦੀਨ, ਦੁਖੀ, ਮਜ਼ਲੂਮ ਦੀ ਰਖਿਆ ਲਈ ਦੇਸ਼ ਭਰ ਵਿਚ ਹੋ ਰਹੇ ਜ਼ੁਲਮ ਦੂਰ ਕਰਨ ਲਈ ਹਿੰਦਵਾਇਣ ਨੂੰ ਢਾਰਸ ਦਿਤੀ ਅਤੇ ਹਰ ਪ੍ਰਕਾਰ ਦੇ ਕਸ਼ਟ ਆਪਣੇ ਸਰੀਰ ਉਤੇ ਸਹਾਰੇ। ਭਾਵੇਂ ਆਪ ਤਿਲਕ ਜੰਞੂ ਆਦਿ ਕਰਮ ਕਾਂਡੀ ਰਸੱਮਾਂ ਦੇ ਵਿਰੋਧੀ ਸਨ ਪਰ ਆਪ ਹਰੇਕ ਪੁਰਸ਼ ਦੀ ਆਪੋ ਆਪਣੀ ਧਾਰਮਿਕ ਆਜ਼ਾਦੀ ਦੇ ਹਾਮੀ ਸਨ। ਆਪ ਨਹੀਂ ਸਨ ਚਾਹੁੰਦੇ ਕਿ ਕੋਈ ਜ਼ਾਲਮ ਹਕੂਮਤ, ਰਾਜਸੀ ਜਬਰ ਨਾਲ ਕਿਸੇ ਦੂਜੇ ਦੇ ਧਰਮ ਵਿਚ ਦਖਲ ਦੇਵੇ। ਆਪ ਨੇ ਆਪ ਜੱਲਾਦ ਵਲ ਜਾ ਕੇ ਆਪਣੀ ਬਲੀ ਦੇਣ ਦੀ ਅਪੂਰਬ ਮਿਸਾਲ ਕਾਇਮ ਕੀਤੀ। ਫੜੀ



Sri Satguru Jagjit Singh Ji eLibrary NamdhariElibrary@gmail.com

ਬਾਂਹ ਦੀ ਲਾਜ ਰੱਖਣ ਲਈ ਸੀਸ ਦਿੱਤਾ ਪਰ ਸਿਰੜ (ਰੱਬੀ ਭੇਤ) ਨਾ ਦਿੱਤਾ ਅਤੇ ਨਾ ਹੀ ਕਰਾਮਾਤ ਆਦਿ ਦਿਖਾਈ। ਚਾਂਦ ਭੱਟ ਨੇ ਸਤਿਗੁਰੂ ਜੀ ਦੇ ਇਸ ਪ੍ਰਣ-ਪਾਲਣ ਖਾਤਰ ਜੋ ਉਨ੍ਹਾਂ ਨੇ ਕਸ਼ਮੀਰੀ ਪੰਡਤਾਂ ਨਾਲ ਕੀਤਾ ਸੀ, ਆਪਣੇ ਸਰੀਰ ਦਾ ਠੀਕਰਾ ਜ਼ਾਲਮ ਸਾਮਰਾਜ ਦੇ ਸਿਰ ਭੰਨਣ ਦਾ ਜ਼ਿਕਰ ਇਉਂ ਕੀਤਾ ਹੈ:-

ਚਿਤ ਚਰਨ ਕਮਲ ਕਾ ਆਸਰਾ,
ਚਿਤ ਚਰਨ ਕਮਲ ਸੰਗ ਜੋੜੀਏ ॥
ਮਨ ਲੋਚੈ ਬੁਰਿਆਈਆਂ,
ਗੁਰ ਸ਼ਬਦੀ ਇਹ ਮਨ ਹੋੜੀਏ ॥
ਬਾਂਹ ਜਿਨ੍ਹਾਂ ਦੀ ਪਕੜੀਏ,
ਸਿਰ ਦੀਜੇ ਬਾਂਹ ਨ ਛੋੜੀਏ ॥
ਗੁਰੂ ਤੇਗ ਬਹਾਦਰ ਬੋਲਿਆ,
ਧਰ ਪਈਏ ਧਰਮ ਨਾ ਛੋੜੀਏ ॥

ਔਰੰਗਜ਼ੇਬ ਦਾ ਹੁਕਮ ਸੀ ਕਿ ਗੁਰੂ ਤੇਗ ਬਹਾਦਰ ਦਾ ਸਿਰ ਕਲਮ ਕਰਕੇ ਉਸਦੀ ਲਾਸ਼ ਦੇ ਟੁਕੜੇ ਦਿੱਲੀ ਦੇ ਚਹੁੰ ਪਾਸੀਂ ਲਟਕਾਏ ਜਾਣ ਤਾਂ ਜੋ ਸਾਰੀ ਹਿੰਦਵਾਇਣ ਆਪਣੇ ਰਖਿਅਕ ਦੇ ਇਸ ਹੋਏ ਹਸ਼ਰ ਨੂੰ ਵੇਖ ਕੇ ਆਪਣੇ ਆਪ ਮੁਸਲਮਾਨ ਹੋ ਜਾਵੇ। ਜਦ ਜੱਲਾਦ ਅਲਾਲ-ਉਲ-ਦੀਨ ਦੀ ਤਲਵਾਰ ਨੇ ਗੁਰੂ ਜੀ ਦਾ ਸੀਸ, ਧੜ ਨਾਲੋਂ ਅੱਡ ਕੀਤਾ ਤਾਂ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਲੈ ਕੇ, ਵਾਹੋ ਦਾਹੀ ਸਫਰ ਕਰ ਅਨੰਦ ਪੁਰ ਪਹੁੰਚਾ ਦਿੱਤਾ। ਗੁਰੂ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਊਦਾ ਜੀ ਨੇ ਭਾਈਲੱਖੀ ਸ਼ਾਹ ਤੇ ਉਸ ਦੇ ਪੁੱਤਰ ਨਗਾਹੀਆ ਜੀ ਦੀ ਮਦਦ ਨਾਲ ਕੀਤੀ। ਇਨ੍ਹਾਂ ਨੇ ਭਾਈ ਲੱਖੀ ਸ਼ਾਹ ਦੇ ਜਾ ਰਹੇ ਗਡਿਆਂ ਤੇ ਬਲਦਾਂ ਦੀ ਭੀੜ ਵਿਚ ਧੜ ਨੂੰ ਚੁੱਕ ਕੇ ਇਕ ਗੱਡੇ ਉਤੇ ਲੱਦਿਆ ਤੇ ਆਪਣੇ ਘਰ ਰਾਇ ਸੀਨਾ, ਰਕਾਬ ਗੰਜ ਪਿੰਡ ਵਿਚ ਲੈ ਗਏ, ਜਿਥੇ ਕਿ ਚਿਖਾ ਬਣਾ ਕੇ ਸਣੇ ਆਪਣੇ ਮਕਾਨ ਦੇ ਧੜ ਦਾ ਸਸਕਾਰ ਕਰ ਦਿੱਤਾ। ਇਉਂ ਗੁਰੂ ਜੀ ਦੇ ਸੀਸ ਨੂੰ



Sri Satguru Jagjit Singh Ji eLibrary NamdhariElibrary@gmail.com

ਅਨੰਦਪੁਰ ਤੇ ਧੜ ਨੂੰ ਸੁਰਖਿਅਤ ਤੌਰ ਤੇ ਰਕਾਬ ਗੰਜ ਵਿਖੇ ਸਸਕਾਰ ਕੇ, ਔਰੰਗਜ਼ੇਬ ਦੇ ਉਸ ਹੁਕਮ ਦੀ ਮਿੱਟੀ ਪਲੀਤ ਕਰ ਦਿੱਤੀ ਜੋ ਸ਼ਹੀਦ ਸਤਿਗੁਰੂ ਜੀ ਦੇ ਸਰੀਰ ਦਾ ਤ੍ਰਿਸਕਾਰ ਕਰਨਾ ਚਾਹੁੰਦਾ ਸੀ।

ਨੌਵੇਂ ਗੁਰੂ ਜੀ ਦੀ ਇਸ ਲਾਸਾਨੀ ਸ਼ਹਾਦਤ ਨੇ ਭਾਰਤ ਦੀ ਧਾਰਮਿਕ ਤੇ ਰਾਜਸੀ ਹਾਲਤ ਵਿਚ ਬਮਿਸਾਲ ਪਲਟਾ ਲਿਆਂਦਾ। ਜਿਥੇ ਗੁਰੂ ਜੀ ਨੇ ਆਪਣੇ ਪਵਿੱਤਰ ਸਰੀਰ ਦੀ ਅਹੂਤੀ ਦੇ ਕੇ ਹਿੰਦੂਤਵ ਨੂੰ ਇਸਲਾਮ ਵਿਚ ਬਦਲਣੋ ਬਚਾਇਆ, ਉਥੇ ਆਪਣੇ ਬਲੀਦਾਨ ਦੁਆਰਾ ਭਾਰਤ ਵਾਸੀਆਂ ਵਿਚੋਂ ਮਰ ਚੁੱਕੀ, ਅਣਖ, ਗੈਰਤ ਤੇ ਸ਼ੌਰਯ ਨੂੰ ਸੁਰਜੀਤ ਕੀਤਾ ਜਿਸ ਦਾ ਫਲ ਸਰੂਪ ਨਾ ਕੇਵਲ ਹਿੰਦੂ ਧਰਮ ਨੂੰ ਮੇਟ ਕੇ ਇਕ ਮੁਸਲਮਾਨ ਧਰਮ ਵਿਚ ਜਜ਼ਬ ਹੋਣੋ ਬਚਾਇਆ ਸਗੋਂ ਦੋ ਧਰਮਾਂ ਦੀ ਥਾਂ ਤੀਜੀ ਪ੍ਰਧਾਨ ਧਰਮ 'ਖਾਲਸਾ' ਦੇ ਪ੍ਰਗਟ ਹੋਣ ਦਾ ਬਾਨਣੂ ਬਝ ਗਿਆ।

ਸਾਰੇ ਭਾਰਤ ਵਾਸੀਆਂ ਲਈ ਗੁਰੂ ਤਗ ਬਹਾਦਰ ਜੀ ਦਾ ਸ਼ਹਾਦਤ ਸਦਕਾ ਉਨ੍ਹਾਂ ਦੇ ਕਿਰਤੱਗਯ ਹੋ ਕੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਧਾਰਨ ਕਰਨਾ ਇਕ ਜ਼ਰੂਰੀ ਫਰਜ਼ ਬਣ ਜਾਂਦਾ ਹੈ। ਇਹ ਗੱਲ ਸੂਰਜ ਵਾਂਗ ਰੋਸ਼ਨ ਹੈ ਕਿ ਜੇ ਸਤਿਗੁਰੂ ਜੀ ਉਸ ਵੇਲੇ ਦੁੱਖੀ ਤੇ ਮੌਤ ਦੇ ਮੂੰਹ ਆਈ ਹਿੰਦਵਾਇਣ ਦੀ ਪਰਦਾ ਕੱਜੂ ਚਾਦਰ ਨਾ ਬਣਦੇ ਤਾਂ ਅਜ ਹਿੰਦੁਸਤਾਨ ਦਾ ਨਕਸ਼ਾ ਕੁਝ ਹੋਰ ਹੀ ਹੁੰਦਾ।

'ਗੁਰ ਪ੍ਰਤਾਪ ਸੂਰਯੋਦਯ' ਗ੍ਰੰਥ ਵਿਚ ਲਿਖਿਆ ਹੈ ਕਿ ਔਰੰਗਜੇਬ ਦੇ ਸ਼ਾਹੀ ਹੁਕਮ ਅਨੁਸਾਰ ਕਸ਼ਮੀਰ ਦੇ ਮੁਗਲ ਸੂਬੇਦਾਰ ਸ਼ੇਰ ਅਫਗਨ ਨੇ ਕਸ਼ਮੀਰ ਦੇ ਪੰਡਤਾਂ ਉਤੇ ਬਹੁਤ ਧਿੰਙਜ਼ੋਰੀ ਕੀਤੀ ਅਤੇ ਉਨ੍ਹਾਂ ਨੂੰ ਹਿਦੂ ਧਰਮ ਛੱਡਣ ਲਈ ਮਜਬੂਰ ਕੀਤਾ ਤਾਂ ਉਹ ਅਮਰ ਨਾਥ ਗੁਫਾ ਦੇ ਅਸਥਾਨ ਉਤੇ ਜਾ ਕੇ ਧਿਆਨ, ਪ੍ਰਾਰਥਨਾ ਦੁਆਰਾ ਆਪਣੇ ਧਰਮ ਦੀ ਰਖਿਆ ਦਾ ਰਾਹ ਢੂੰਡਣ ਲੱਗੇ। ਉਥੇ ਉਨ੍ਹਾਂ ਨੂੰ 'ਭਵਿਸ਼ ਪੁਰਾਣ' ਦੇ ਸਲੋਕ ਦੀ ਇਹ ਆਕਾਸ਼ ਬਾਣੀ ਹੋਈ:



Sri Satguru Jagjit Singh Ji eLibrary NamdhariElibrary@gmail.com

"ਤਦ ਵਹਿ ਲੋਕਰਕਸ਼ਰਥੰ .. ... ...
ਪਸ਼ਚਮੇ ਦਾ ਸੁਭੇ ਦੇਸ਼ੇ ਵੇਦੀ ਵੀਸਿਚ ਨਾਨਕੋ।"

ਜਿਸ ਦਾ ਭਾਵ ਇਹ ਹੈ ਕਿ 'ਸੰਕਟ ਕਾਲ ਸਮੇਂ ਭਾਰਤ ਦੇ ਪਛਮ ਪ੍ਰਾਂਤ ਵਿਚ ਬੇਦੀ ਵਸ਼ ਵਿਚ ਅਵਤਰਿਆ, ਨਾਨਕ ਸੰਗ ਦਾ ਪੁਰਸ਼ੋਤਮ, ਹਿੰਦੂ ਧਰਮ ਦੀ ਰਖਿਆ ਕਰੇਗਾ।'

ਇਸ ਆਕਾਸ਼ ਬਾਣੀ ਨੂੰ ਸੁਣ ਕੇ ਕਸ਼ਮੀਰੀ ਬ੍ਰਾਹਮਣ, ਗੁਰੂ ਨਾਨਕ ਦੇਵ ਜੀ ਦੇ ਗੱਦੀਦਾਰ ਸ੍ਰੀ ਗੁਰੂ ਤਗ ਬਹਾਦਰ ਜੀ ਪਾਸ ਅਨੰਦਪੁਰ ਜਾ ਫਰਿਆਦੀ ਹੋਏ ਸਨ।

ਇਸ ਸੰਕਟ ਦਾ ਆਧਾਰ ਦੋ ਪਰਸਪਰ ਵਿਰੋਧੀ ਵਿਚਾਰ-ਧਾਰਾਵਾਂ ਦੀ ਟੱਕਰ ਸੀ। ਮੁਗਲਈ ਵਿਚਾਰਧਾਰਾ, ਹਰ ਤਰ੍ਹਾਂ ਦੀ ਅਨੇਕਰੂਪਤਾ, ਭਿੰਨ ਭਿੰਨ ਧਾਰਮਕ ਭਾਵਨਾਵਾਂ ਤੇ ਸਭਿਆਚਾਰਾਂ ਦੀ ਵਿਰੋਧੀ ਸੀ। ਦੂਜੀ ਵਿਚਾਰਧਾਰਾ ਮਾਨਵਤਾ ਦੀ ਅੰਦਰਲੀ ਏਕਤਾ ਨੂੰ ਮੰਨਣ ਵਾਲੀ ਸੀ ਜਿਸ ਦੀ ਮੰਗ ਸੀ ਕਿ ਹਰੇਕ ਮਨੁੱਖ, ਹਰੇਕ ਧਰਮ ਤੇ ਸਭਿਆਚਾਰ ਨੂੰ ਇਹ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਵਿਸ਼ਵਾਸ਼ ਅਨੁਸਾਰ ਆਪਣੀ ਹੋਂਦ ਨੂੰ ਕਾਇਮ ਰੱਖ ਸਕੇ ਤੇ ਪਰਫੁਲਤ ਕਰ ਸਕੇ। ਗੁਰੂ ਸਾਹਿਬ ਪਿਛਲੀ ਵਿਚਾਰਧਾਰਾ ਦੇ ਸਮਰਥੱਕ ਤੇ ਪਰਚਾਰਕ ਸਨ। ਉਨ੍ਹਾਂ ਦਾ ਸਿਧਾਂਤ ਸਮੁੱਚੀ ਮਾਨਵਤਾ ਨੂੰ ਹਰ ਪਰਕਾਰ ਦੇ ਡਰ ਤੇ ਭੈ ਤੋਂ ਸੁਤੰਤਰ ਕਰਨ ਵਾਲਾ ਸੀ। ਇਸ ਸੰਘਰਸ਼ ਵਿਚ ਗੁਰੂ-ਸਿਧਾਤਾਂ ਦੀ ਜਿੱਤ ਹੋਈ ਅਤੇ ਅੱਜ ਦੀ ਦੁਨੀਆਂ ਵੇਖ ਰਹੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਚਾਂਦਨੀ ਚੌਕ, ਰਕਾਬ ਗੰਜ ਤੇ ਅਨੰਦਪੁਰ ਦੇ ਅਸਥਾਨਾਂ ਪਰ ਉਚੇ ਨਿਸ਼ਾਨ ਸਾਹਿਬ ਆਪਣੀ ਪੂਰੀ ਸ਼ਾਨ ਨਾਲ ਲਹਿਰਾ ਰਹੇ ਹਨ ਪਰ ਸੱਚ, ਧਰਮ, ਨੇਕੀ ਤੇ ਪਵਿੱਤਰਤਾ ਦੇ ਕਾਤਲ ਔਰੰਗਜ਼ੇਬ ਦੀ ਖੁਲਦਾਬਾਦ ਦੀ ਮਾਮੂਲੀ ਜਿਹੀ ਕਬਰ ਉਤੇ ਉਹ ਭੁਖੇ ਮੁਜ਼ਾਵਰ ਬੈਠੇ ਦਿਖਾਈ ਦੇ ਰਹੇ ਹਨ ਜੋ ਹਰ ਆਏ ਗਏ ਰਾਹੀ ਅਗੇ ਪੈਸੇ ਪੈਸੇ ਲਈ ਹੱਥ ਟੱਡਦੇ ਹਨ। ਦੂਜੇ ਪਾਸੇ ਗੁਰੂ ਸਾਹਿਬ ਦੇ ਅਸਥਾਨਾਂ ਉਤੇ ਰੋਜ਼ ਹਜ਼ਾਰਾਂ ਯਾਤਰੂ, ਖੁਲ੍ਹੇ ਲੰਗਰਾਂ ਵਿਚੋਂ ਹਰ ਧਰਮ ਦੇ ਲੋਕ



Sri Satguru Jagjit Singh Ji eLibrary NamdhariElibrary@gmail.com

ਪਰਸ਼ਾਦ ਛਕਦੇ ਹਨ ।

ਇਥੇ ਉਨ੍ਹਾਂ ਮਰਜੀਵੜੇ ਗੁਰਸਿੱਖਾਂ ਦਾ ਵਰਨਣ ਕਰਨਾ ਵੀ ਜ਼ਰੂਰੀ ਹੈ ਜੋ ਸ੍ਰੀ ਅਨੰਦਪੁਰ ਸਾਹਿਬ ਤੋਂ ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿੱਲੀ ਗਏ। ਇਹ ਸਿੱਖ ਸਨ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ। ਕਿਉਂਕਿ ਗੁਰੂ ਜੀ ਨੂੰ ਸਿੱਖ ਆਪਣੀ ਜਾਨ ਤੋਂ ਵੀ ਪਿਆਰੇ ਸਨ ਇਸ ਲਈ ਗੁਰੂ ਜੀ ਦੇ ਇਰਾਦੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਵਿਚ ਇਨ੍ਹਾਂ ਸਿੱਖਾਂ ਨੂੰ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਅਪੂਰਬ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰ ਨਾਲ ਦੁਫਾੜ ਕੀਤਾ ਗਿਆ। ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜੀਊਂਦੇ ਸਾੜਿਆ ਗਿਆ ਤੇ ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ। ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਨ੍ਹਾਂ ਦਾ ਵਰਨਣ ਇਉਂ ਦਿੱਤਾ ਹੋਇਆ ਹੈ:-

"ਦਿਆਲ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬਾਲੂ ਕਾ, ਪੜਪੋਤਾ ਮੂਲੇ ਕਾ, ਗੁਰੂ ਤੇਨ ਮਘਰ ਸੁਦੀ ਪੰਚਮੀ ਸੰਮਤ 1732 ਦਿੱਲੀ ਚਾਂਦਨੀ ਚੌਕ ਕੇ ਸਲਾਂ, ਸ਼ਾਹੀ ਹੁਕਮ ਗਨ ਮਾਰਾ ਗਿਆ। ਹੌਲੇ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਨੰਦ ਕੇ, ਪੋਤੇ ਲਖੀ ਦਾਸ ਕੇ, ਪੜਪੋਤੇ ਪਵਾਹ ਕੇ, ਬੇਟੇ ਗੌਤਮ ਕਾ, ਸੈਨਾਪਤੀ ਭਗਵਤ ਗੋਤਰ ਬ੍ਰਾਹਮਣ ਛਿੱਬਰ ਮਾਰੇ ਗਏ।"

ਮਾਈ ਦਾਸ ਜੀ ਦੇ ਗਿਆਰਾਂ ਲੜਕੇ ਸਨ ਜੋ ਗੁਰੂ ਘਰ ਦੀ ਸੇਵਾ ਕਰਦਿਆਂ ਹੋਇਆਂ ਅੱਡ ਅੱਡ ਸਮਿਆਂ ਤੇ ਧਰਮ ਖਾਤਰ ਜੂਝਦੇ ਹੋਏ ਸ਼ਹੀਦ ਹੋਏ, ਜਿਨ੍ਹਾਂ ਦੇ ਨਾਮ ਇਸ ਪਰਕਾਰ ਹਨ:-

ਭਾਈ ਦਿਆਲ ਦਾਸ, ਭਾਈ ਲਹਿਣਾ ਸਿੰਘ, ਭਾਈ ਹਠੀ ਚੰਦ, ਭਾਈ ਸੋਹਣ ਚੰਦ, ਭਾਈ ਦਾਨ ਸਿੰਘ, ਭਾਈ ਰਾਇ ਸਿੰਘ ਭਾਈ ਮਾਨ ਸਿੰਘ, ਭਾਈ ਜੇਠਾ ਸਿੰਘ, ਭਾਈ ਰੂਪ ਸਿੰਘ, ਭਾਈ ਜਗਤ ਸਿੰਘ, ਭਾਈ ਮਨੀ ਸਿੰਘ। ਧੰਨ ਗੁਰੂ ਜੀ ਤੇ ਧੰਨ ਉਨ੍ਹਾਂ ਦੇ ਸਿੱਖ !



Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ, 'ਬਚਿਤਰ ਨਾਟਕ' ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਜ਼ਿਕਰ ਇਉਂ ਕਰਦੇ ਹਨ--

ਤਿਲਕ ਜੰਞੂ ਰਾਖਾ ਪ੍ਰਭੁ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰਰ ਨਾ ਦੀਆ।
ਠੀਕਰਿ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਯੋ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਮੇਂ ਸ਼ੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬੇਨਜ਼ੀਰ ਸ਼ਹੀਦੀ ਸੰਬੰਧੀ ਹੇਠ ਲਿਖੇ ਤੱਥ ਆਪਣੀ ਮਿਸਾਲ ਆਪ ਰੱਖਦੇ ਹਨ--

1. ਗੁਰੂ ਜੀ ਦੀ ਸ਼ਹੀਦੀ ਦੂਜੇ ਧਰਮ ਦੀ ਰਖਿਆ ਕਾਰਨ ਹੋਈ। ਆਪ ਸਾਰੇ ਧਰਮਾਂ ਦੀ ਸੁਤੰਤਰ ਹੋਂਦ ਦੇ ਇੱਛਕ ਸਨ।

2. ਆਪਣੀ ਇੱਛਾ ਅਨੁਸਾਰ ਕਾਤਲ ਪਾਸ ਕਤਲ ਹੋਣ ਲਈ ਆਪ ਚੱਲ ਕੇ ਗਏ।

3. ਦੁਨੀਆਂ ਦਾ ਕੋਈ ਲਾਲਚ ਜਾਂ ਭੈ ਆਪ ਨੂੰ ਅਸੂਲ ਤੋਂ ਲਾਂਭੇ ਨਾ ਕਰ ਸਕਿਆ।

4. ਸ਼ਰਨ ਆਇਆਂ ਦੀ ਫੜੀ ਬਾਂਹ ਨੂੰ ਆਪਣਾ ਸੀਸ ਦੇ ਕੇ ਤੋੜ ਤੱਕ ਨਿਭਾਇਆ।

5. ਆਪ ਦੁਨੀਆਂ ਦੇ ਇਕੋ ਇਕ ਅਜਿਹੇ ਸ਼ਹੀਦ ਹਨ ਜਿਨ੍ਹਾਂ ਦੇ ਧੜ ਤੇ ਸੀਸ ਦਾ ਸਸਕਾਰ ਅੱਡ ਅੱਡ ਥਾਵਾਂ ਪਰ ਸੈਂਕੜੇ ਮੀਲਾਂ ਦੀ ਵਿੱਥ ਪਰ ਹੋਇਆ।

6. ਆਪ ਦੇ ਯਾਦਗਾਰੀ ਅਸਥਾਨਾਂ ਉਤੇ ਆਕਾਸ਼ ਨੂੰ ਚੁੰਮਣ ਵਾਲੇ ਸੁਨਹਿਰੀ ਕਲਸਾਂ ਛਤਰਾਂ ਵਾਲੇ ਮੰਦਰ ਬਣੇ ਹੋਏ ਹਨ



Sri Satguru Jagjit Singh Ji eLibrary NamdhariElibrary@gmail.com

ਅਤੇ ਉਚੇ ਨਿਸ਼ਾਨ ਝੂਲ ਰਹੇ ਹਨ ਪਰ ਆਪਦੇ ਕਾਤਲ ਦੀ ਟੁੱਟੀ ਕਬਰ ਉਤੇ ਚਾਮ ਚੜਿਕਾਂ ਦਾ ਰਾਜ ਹੈ ਅਤੇ ਉਥੇ ਕੋਈ ਦੀਵਾ ਵੱਟੀ ਕਰਨ ਵਾਲਾ ਵੀ ਘਟ ਹੀ ਨਜ਼ਰ ਆਉਂਦਾ ਹੈ।

ਸਤਿਗੁਰੂ ਜੀ ਦੀ ਬਾਣੀ ਅੱਜ ਦੀ ਰਸਾਤਲ ਵਲ ਜਾ ਰਹੀ ਦੁਨੀਆਂ ਦੀ ਅਗਵਾਈ ਕਰਨ ਤੇ ਸ਼ਾਂਤੀ ਪ੍ਰਦਾਨ ਕਰਨ ਦੇ ਹਰ ਤਰ੍ਹਾਂ ਸਮਰੱਥ ਹੈ। ਹੋਰ ਬਾਣੀ ਨੂੰ ਛੱਡਕੇ ਆਪ ਜੀ ਦੀ ਇਕੋ ਤੁਕ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।' ਦੁਨੀਆਂ ਦੇ ਸਾਰੇ ਪਦਾ-ਰਥਾਂ ਨਾਲ ਤੋਲਿਆਂ ਭਾਰੀ ਮਲੂਮ ਹੁੰਦੀ ਹੈ। ਜੇ ਇਸ ਤੁਕ ਵਿਚ ਦਰਜ ਅਸੂਲ ਦੀ ਧਾਰਨਾ ਅੱਜ ਦੀ ਦੁਨੀਆਂ ਧਾਰ ਲਵੇ ਤਾਂ ਮਾਨ-ਵਤਾ ਦਾ ਅਨ੍ਹੇਰਾ ਤੇ ਭਰੋਸੇ ਰਹਿਤ ਭਵਿੱਖ ਜਗਮਗਾ ਸਕਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੀ ਯਾਦ ਵਿਚ ਆਉ, ਉਨ੍ਹਾਂ ਦਾ ਸਿਮਰਨ, ਉਨ੍ਹਾਂ ਦੀ ਬਾਣੀ ਤੇ ਉਪਦੇਸ਼ਾਂ ਨੂੰ ਦ੍ਰਿੜ੍ਹ ਕਰੀਏ ਅਤੇ ਇਉਂ ਲੋਕ ਸੁਖੀ ਤੇ ਪਰਲੋਕ ਸੁਹੇਲ ਹੋਈਏ।

— —:o.— —

ਗਉੜੀ ਮਹਲਾ ੯ ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥
ਮਾਨਸ ਜਨਮੁ ਅਮੋਲਕੁ ਪਾਇਓ
ਬਿਰਥਾ ਕਾਹਿ ਗਵਾਵਉ ॥ ੧ ॥ ਰਹਾਉ ॥
ਪਤਿਤ ਪੁਨੀਤ ਦੀਨ ਬੰਧ ਹਰਿ
ਸਰਨਿ ਤਾਹਿ ਤੁਮ ਆਵਉ ॥
ਗਜ ਕੋ ਤ੍ਰਾਸ ਮਿਟਿਓ ਜਿਹ ਸਿਮਰਤ
ਤੁਮ ਕਾਹੇ ਬਿਸਰਾਵਉ ॥ ੧ ॥
ਤਜਿ ਅਭਿਮਾਨ ਮੋਹ ਮਾਇਆ ਫੁਨਿ
ਭਜਨ ਰਾਮ ਚਿਤੁ ਲਾਵਉ ॥
ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਉ ॥ ੨ ॥ ੫ ॥



Sri Satguru Jagjit Singh Ji eLibrary NamdhariElibrary@gmail.com

## ਸੋਰਠਿ ਮਹਲਾ ੯ ॥

ਰੇ ਮਨ ਰਾਮਿ ਸਿਉ ਕਰਿ ਪ੍ਰੀਤਿ ॥
ਸ੍ਰਵਨ ਗੋਬਿੰਦ ਗੁਨੁ ਸੁਨਉ ਅਰ
ਗਾਉ ਰਸਨਾ ਗੀਤਿ ॥ ੧ ॥ ਰਹਾਉ ॥
ਕਰਿ ਸਾਧ ਸੰਗਤਿ ਸਿਮਰੁ ਮਾਧੋ
ਹਹਿ ਪਤਿਤ ਪੁਨੀਤ ॥
ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ ॥ ੧ ॥
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ ॥
ਕਹੈ ਨਾਨਕੁ ਰਾਮੁ ਭਜਿ ਲੈ
ਜਾਤ ਅਉਸਰੁ ਬੀਤਿ ॥ ੨ ॥ ੧ ॥

## ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥ ੧ ॥ ਰਹਾਉ ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ
ਘਟ ਹੀ ਖੋਜਹੁ ਭਾਈ ॥ ੧ ॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ ॥ ੨ ॥ ੧ ॥

Sri Satguru Jagjit Singh Ji eLibrary NamdhariElibrary@gmail.com

# ਸੋਰਠਿ ਮਹਲਾ ੯ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ
ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ
ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ
ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ
ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥

---

ਪੰਜਾਬ ਕੁਮਰਸ਼ਲ ਪ੍ਰੈਸ, ਨਵਾਂ ਬਜ਼ਾਰ ਤਰਨ ਤਾਰਨ
ਵਿਚ ਛਪਿਆ ॥

Sri Satguru Jagjit Singh Ji eLibrary NamdhariElibrary@gmail.com